ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

Vol 19*Issue 58 | Monday, March 30, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper
THE ONLY DAILY PUNJABI NEWSPAPER
ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

FOR ADVERTISING IN CANADIAN PUNJABI POST CALL: 905-793-2202

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

# ਨੌਜਵਾਨਾਂ ਤੇ ਸੀਨੀਅਰਜ਼ ਦੀ ਮਦਦ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ : ਟਰੂਡੋ



ਓਟਵਾ, 29 ਮਾਰਚ (ਪੋਸਟ ਬਿਊਰੋ) : ਕੋਵਿਡ-19 ਆਊਟਬ੍ਰੇਕ ਦੌਰਾਨ ਕੈਨੇਡਾ ਸਰਕਾਰ ਵੱਲੋਂ ਕੈਨੇਡੀਅਨਾਂ, ਜਿਨ੍ਹਾਂ ਵਿੱਚ ਸਾਡੇ ਨੌਜਵਾਨ ਤੇ ਸੀਨੀਅਰਜ਼ ਵੀ ਸ਼ਾਮਲ ਹਨ, ਦੀ ਮਦਦ ਕਰਨ ਲਈ ਸਖ਼ਤ ਮਿਹਨਤ ਕੀਤੀ ਜਾ ਰਹੀ ਹੈ। ਇੱਕਲੇ ਪਿਛਲੇ ਹਫਤੇ ਹੀ, ਸਾਡੇ ਵੱਲੋਂ ਸਾਡੇ ਪਰਿਵਾਰਾਂ, ਵਰਕਰਜ਼ ਤੇ ਕਾਰੋਬਾਰਾਂ ਲਈ ਨਵੇਂ ਸਹਿਯੋਗ ਦਾ ਐਲਾਨ ਕੀਤਾ ਗਿਆ। ਪਰ ਇਸ ਵਾਧੂ ਮਦਦ ਦੇ ਬਾਵਜੂਦ ਲੋਕਾਂ ਨੂੰ ਮੁਸ਼ਕਲ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਹੜੇ ਲੋਕ ਇਸ ਮਹਾਮਾਰੀ ਦੌਰਾਨ ਸੰਘਰਸ਼ ਕਰ ਰਹੇ ਹਨ ਉਨ੍ਹਾਂ ਲਈ ਮੁਸੀਬਤਾਂ ਹੋਰ ਵੱਧ ਗਈਆਂ ਹਨ।

ਅੱਜ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੈਨੇਡੀਅਨਾਂ ਦੀ ਮਦਦ ਲਈ ਨਵੇਂ ਮਾਪਦੰਡਾਂ ਦਾ ਐਲਾਨ ਕੀਤਾ ਗਿਆ। ਇਨ੍ਹਾਂ ਨਵੇਂ ਮਾਪਦੰਡਾਂ ਨਾਲ ਕੋਵਿਡ-19 ਮਹਾਮਾਰੀ ਦੌਰਾਨ ਕੈਨੇਡੀਅਨਾਂ ਨੂੰ ਆਪਣੀ ਸਿਹਤ, ਸਮਾਜਕ ਤੇ ਆਰਥਿਕ ਪ੍ਰਭਾਵਾਂ ਦਾ ਸਾਹਮਣਾ ਕਰਨ ਵਿੱਚ ਮਦਦ ਮਿਲੇਗੀ। ਇਨ੍ਹਾਂ ਮਾਪਦੰਡਾਂ ਨਾਲ ਨੌਜਵਾਨਾਂ ਨੂੰ ਮਾਨਸਿਕ ਸਹਿਯੋਗ ਮਿਲੇਗਾ ਤੇ ਸੀਨੀਅਰ ਕੈਨੇਡੀਅਨ ਨੂੰ ਲੋੜੀਂਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣਗੀਆਂ। ਇਸ ਦੌਰਾਨ ਕਮਜ਼ੋਰ ਕੈਨੇਡੀਅਨਾਂ ਨੂੰ ਸਿਰ ਲੁਕਾਉਣ ਲਈ ਸੁਰੱਖਿਅਤ ਥਾਂ ਵੀ ਮਿਲੇਗੀ। ਕੈਨੇਡਾ ਸਰਕਾਰ ਵੱਲੋਂ ਹੇਠ ਲਿਖੇ ਮਾਪਦੰਡ ਅਪਣਾਏ ਜਾ ਰਹੇ ਹਨ:

- ਬੇਘਰੇ ਕੈਨੇਡੀਅਨਾਂ ਲਈ ਸਹਾਇਤਾ ਵਿੱਚ ਵਾਧਾ, ਹਿੰਸਾ ਦਾ ਸ਼ਿਕਾਰ ਔਰਤਾਂ ਤੇ ਬੱਚਿਆਂ ਲਈ ਮਦਦ। 18 ਮਾਰਚ, 2020 ਨੂੰ ਕੀਤੇ ਗਏ ਐਲਾਨ ਅਨੁਸਾਰ ਕੈਨੇਡਾ ਸਰਕਾਰ ਬੇਘਰੇ ਕੈਨੇਡੀਅਨਾਂ ਦੀ ਮਦਦ ਲਈ 157.5 ਮਿਲੀਅਨ ਡਾਲਰ ਦੀ ਮਦਦ ਕਰੇਗੀ।

...ਬਾਕੀ ਪੰਨਾ 6 'ਤੇ

# ਮਨੀਲਾ ਏਅਰਪੋਰਟ ਉੱਤੇ ਜਹਾਜ਼ ਨੂੰ ਲੱਗੀ ਅੱਗ, 8 ਹਲਾਕ

## ਮਰਨ ਵਾਲਿਆਂ ਵਿੱਚ ਇੱਕ ਕੈਨੇਡੀਅਨ ਤੇ ਅਮਰੀਕੀ ਵੀ ਸ਼ਾਮਲ



ਮਨੀਲਾ,29 ਮਾਰਚ (ਪੋਸਟ ਬਿਊਰੋ) : ਅੱਠ ਵਿਅਕਤੀਆਂ ਨੂੰ ਲਿਜਾ ਰਿਹਾ ਇੱਕ ਜਹਾਜ਼, ਜਿਸ ਵਿੱਚ ਇੱਕ ਕੈਨੇਡੀਅਨ ਤੇ ਇੱਕ ਅਮਰੀਕੀ ਵੀ ਸ਼ਾਮਲ ਸਨ, ਐਤਵਾਰ ਨੂੰ ਮਨੀਲਾ ਦੇ ਏਅਰਪੋਰਟ ਤੋਂ ਉਡਾਨ ਭਰਦੇ ਸਮੇਂ ਅੱਗ ਦੀਆਂ ਲਪਟਾਂ ਵਿੱਚ ਘਿਰ ਗਿਆ। ਇਸ ਕਾਰਨ ਇਸ ਵਿੱਚ ਸਵਾਰ ਸਾਰੇ ਵਿਅਕਤੀਆਂ ਦੀ ਮੌਤ ਹੋ ਗਈ। ਇਸ ਜਹਾਜ਼ ਨੇ ਜਾਪਾਨ ਜਾਣਾ ਸੀ।

ਮਨੀਲਾ ਏਅਰਪੋਰਟ ਦੇ ਜਨਰਲ ਮੈਨੇਜਰ ਐਡ ਮੌਨਰੀਅਲ ਨੇ ਦੱਸਿਆ ਕਿ ਵੈਸਟਵਿੰਡ 24 ਜਹਾਜ਼, ਜਿਸ ਵਿੱਚ ਅਮਲੇ ਦੇ ਛੇ ਫਿਲੀਪੀਨੋ ਮੈਂਬਰ ਸਵਾਰ ਸਨ ਤੇ ਇੱਕ ਕੈਨੇਡੀਅਨ ਤੇ ਅਮਰੀਕੀ ਯਾਤਰੀ ਸਵਾਰ ਸਨ, ਮੈਡੀਕਲ ਮਿਸ਼ਨ ਉੱਤੇ ਟੋਕੀਓ ਜਾ ਰਿਹਾ ਸੀ ਜਦੋਂ ਮੇਨ ਰਨਵੇਅ ਦੇ ਅਖੀਰ ਉੱਤੇ ਇਸ ਵਿੱਚ ਅੱਗ ਲੱਗ ਗਈ

...ਬਾਕੀ ਪੰਨਾ 6 'ਤੇ।

## ਅੰਦਰ ਪੜ੍ਹੋ

ਕੋਰੋਨਾ ਦਾ ਕਹਿਰ: ਇਟਲੀ ਵਿੱਚ 700 ਤੋਂ ਵੱਧ ਹੋਰ ਮੌਤਾਂ, ਸੰਸਾਰ ਵਿੱਚ ਮੌਤਾਂ ਦੀ ਗਿਣਤੀ ਦਸ ਹਜ਼ਾਰ ਨੂੰ ਟੱਪੀ




ਓਨਟਾਰੀਓ ਵਿੱਚ ਪੰਜ ਤੋਂ ਵੱਧ ਵਿਅਕਤੀਆਂ ਦੇ ਇੱਕਠੇ ਹੋਣ ਉੱਤੇ ਲਾਈ ਗਈ ਪਾਬੰਦੀ




# ਧਰਮਸ਼ਾਲਾ ਭਾਈ ਹਰਨਾਮ ਸਿੰਘ, ਬੁੱਚੇਕੀ, ਜ਼ਿਲਾ ਸ਼ੇਖੂਪੁਰਾ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਧਰਮਸ਼ਾਲਾ ਭਾਈ ਹਰਨਾਮ ਸਿੰਘ, ਬੁੱਚੇਕੀ, ਜ਼ਿਲਾ ਸ਼ੇਖੂਪੁਰਾ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

You can Place Your Business Here To Reach Wider Audience (905)793-2202

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axaxl Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Critical Illness Ins • Travel & Visitor Ins • RESP & TFSA & RRSP
Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ 905.796.0000
Tico # 50021780
900 Raylawson Blvd. Unit # 6, Brampton

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Tel: 905-913-2355 Fax: 905-913-2344
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.456.0648
info@atozpestcontroltoronto.com | www.atozpestcontroltoronto.com

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99%
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax: 905-216-0392

Super Visa Insurance • Visitor Visa Insurance • Travel Insurance • Student Insurance • New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

A1 RENOVATIONS
Commercial & Residential Renovations
**Professional, Reliable & Experienced**
Services: Painting • Drywalls • Plumbing • Electrical • Flooring
Complete Basement Renovation • Kitchen & Washrooms • Concrete Services (Driveways & Sidewalks)
Note: Complete basement (passed by city) Certified Gas Technician
5-10% DISCOUNT
Call Bobby Mann today !! 647-407-9595 a1floor_2000@hotmail.com
*Some condition apply

DHINDSA LAW
Barrister, Solicitor & Notary Public
Criminal and Family Law • Immigration • Real Estate • Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
Locations: 10510 Torbram Rd Unit-J1, Brampton L6R 3N9 (Torbram & Sandalwood) | 330 Highway 7 E, Suite 309, Richmond Hill- L4B 3P8
Cell: 437 998 1429

Royal Pest Control
Residential Commercial Industrial
Specialist in Bedbugs Service
All Pest Control : Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL 416 938 4598

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278 PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7


CN Forklift Training Center
Counterbalance • Walkie pallet • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
KSG Pest Control Inc.
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator




**Dr. Randhawa Dentistry**



*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**INVISALIGN & BRACES INCLUDING CLEAR BRACES**
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






Price $729,999

**JUST LISTED!** 200 Malta Ave, Unit # 70, Brampton

*Brand new condo townhouse with 3 bedroom and an extra room on the floor*

ਪਰਾਈਵੇਟ ਰੂਫਟੋਪ ਟੈਰੇਸ, 2.5 ਵਾਸ਼ਰੂਮ 1700 ਸੁਕੇਅਰ ਫੁੱਟ ਦਾ ਘਰ, ਪਹਿਲੇ ਅਤੇ ਦੂਜੇ ਫਲੋਰ ਤੇ 9 ਫੁੱਟ ਸਿਲਿੰਗ, ਘਰ ਸਿੱਧੇ ਜਾਣ ਲਈ ਅੰਡਰਗਰਾਊਂਡ ਪਾਰਕਿੰਗ, ਮੇਨ ਬੱਸ ਟਰਾਂਜ਼ਟ, ਸ਼ੈਰੀਡਨ ਕਾਲਜ,ਸ਼ਾਪਰ ਡਰੱਗ ਮਾਰਟ ਅਤੇ ਕਈ ਸਕੂਲਾਂ ਨੂੰ ਪੈਦਲ ਜਾ ਸਕਦੇ ਹੋ। ਹਾਈਵੇ 407,410,ਸਟੀਲ ਐਵੀਨੀਊ ਅਤੇ ਹਰੰਟਾਰੀਓ ਤੋਂ 401, ਦੇ ਬਿਲਕੁਲ ਨੇੜੇ। ਕਿਚਨ ਅਤੇ ਵਾਸ਼ਰੂਮ ਅਪਗ੍ਰੇਡ ਕੀਤੇ ਹਨ।



**KAMAL RANDHAWA**
Sales Representative
Office: 905.793.1111
Dir: 647 855 0671
Email: kamaldeepr07@gmail.com
Not intended to Solicit Buyers or Sellers Currently under Contract

**NEED A LAWYER ??**
Red Seal NOTARY
**KAUR LAW OFFICE**



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

NU WAY TOUR & TRAVELS INC.

**ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ**

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Call Us For Guaranteed Lowest Airfare
ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਕਿਰਤ ਕਰਨ ਬਿਹਾਰ ਤੋਂ ਆਏ ਜਿਹੜੇ,
ਦਿੱਲੀ ਆਏ ਪੰਜਾਬ ਸਨ ਆਏ ਮਿੱਤਰ।
ਕੱਟ ਕੇ ਭੋਖੜੇ ਪਿੱਛੇ ਨਹੀਂ ਝਾਕਿਆ ਸੀ,
ਸੰਭਲੇ ਜਦੋਂ ਤਾਂ ਟੱਬਰ ਲਿਆਏ ਮਿੱਤਰ।
ਗੁੰਜਾਇਸ਼ ਵੇਖੀ ਤਾਂ ਭਾਲ ਸਕੂਲ ਕੋਈ,
ਬੱਚੇ ਪੜ੍ਹਨ ਸੀ ਦਾਖਲ ਕਰਾਏ ਮਿੱਤਰ।
ਪੈ ਗਿਆ ਕਹਿਰ ਕੋਰੋਨਾ ਦਾ ਜਦੋਂ ਹਾਏ,
ਫਿਰ ਤੋਂ ਪਿੰਡਾਂ ਨੂੰ ਮੂੰਹ ਭੰਵਾਏ ਮਿੱਤਰ।
ਭੁੱਖਿਆਂ ਬੈਠ ਨਹੀਂ ਏਥੇ ਗੁਜ਼ਰਾਨ ਹੁੰਦੀ,
ਪਿੱਛੇ ਪੈਂਡਾ ਸੁਖਾਲਾ ਨਹੀਂ ਕਰਨ ਮਿੱਤਰ।
ਸਾਹਮਣੇ ਖੂਹ ਤੇ ਪਿੱਛੇ ਵੀ ਖੱਡ ਗਹਿਰੀ,
ਦੋਵੇਂ ਤਰਫੀਂ ਆ ਜਾਪਦਾ ਮਰਨ ਮਿੱਤਰ।

**ਤੀਸ ਮਾਰ ਖਾਂ**

# ਭਾਰਤ ਵਿੱਚ 1100 ਤੋਂ ਵੱਧ ਲੋਕ ਕੋਰੋਨਾ ਵਾਇਰਸ ਤੋਂ ਪ੍ਰਭਾਵਤ, 27 ਮੌਤਾਂ

ਨਵੀਂ ਦਿੱਲੀ, 29 ਮਾਰਚ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੇ ਕੇਸ ਵਧ ਰਹੇ ਹਨ। ਬੀਤੇ 24 ਘੰਟਿਆਂ ਦੌਰਾਨ ਦੇਸ਼ ਵਿੱਚ 135 ਨਵੇਂ ਕੇਸ ਪਤਾ ਲੱਗੇ ਤੇ ਪ੍ਰਭਾਵਤ ਲੋਕਾਂ ਦੀ ਗਿਣਤੀ 1100 ਤੋਂ ਟੱਪ ਗਈ ਹੈ। ਇਨ੍ਹਾਂ ਵਿੱਚ ਕੁਝ ਵਿਦੇਸ਼ੀ ਨਾਗਰਿਕ ਤੇ ਵਾਇਰਸ ਦੇ ਕਾਰਨ ਮੌਤ ਦੇ ਮੂੰਹ ਪੈ ਚੁੱਕੇ ਲੋਕ ਵੀ ਸ਼ਾਮਲ ਹਨ। ਇਹੀ ਨਹੀਂ, ਇਸ ਬਿਮਾਰੀ ਤੋਂ ਅੱਜ ਤੱਕ ਭਾਰਤ ਵਿੱਚ 99 ਲੋਕ ਠੀਕ ਵੀ ਹੋ ਚੁੱਕੇ ਹਨ। ਅੱਜ ਐਤਵਾਰ ਨੂੰ ਗੁਜਰਾਤ ਅਤੇ ਜੰਮੂ-ਕਸ਼ਮੀਰ ਵਿੱਚ ਇਕ-ਇਕ ਵਿਅਕਤੀ ਦੀ ਮੌਤ ਹੋ ਜਾਣ ਨਾਲ ਮ੍ਰਿਤਕਾਂ ਦੀ ਗਿਣਤੀ 27 ਹੋ ਗਈ ਹੈ।

ਕੇਂਦਰੀ ਸਿਹਤ ਮੰਤਰਾਲੇ ਤੇ ਰਾਜਾਂ ਦੇ ਸਿਹਤ ਮੰਤਰਾਲਿਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਦੇਸ਼ ਵਿੱਚ ਅੱਜ



ਤਕ ਕੋਰੋਨਾ ਵਾਇਰਸ ਦੇ 1,123 ਪਾਜ਼ਿਟਿਵ ਕੇਸ ਨਿਕਲੇ ਤੇ 27 ਲੋਕਾਂ ਦੀ ਮੌਤ ਹੋਈ ਹੈ। ਮ੍ਰਿਤਕਾਂ ਵਿੱਚ ਮਹਾਰਾਸ਼ਟਰ ਦੇ ਛੇ, ਗੁਜਰਾਤ ਦੇ ਪੰਜ, ਕਰਨਾਟਕ ਦੇ ਤਿੰਨ, ਮੱਧ ਪ੍ਰਦੇਸ਼, ਪੰਜਾਬ, ਦਿੱਲੀ ਅਤੇ ਜੰਮੂ-ਕਸ਼ਮੀਰ ਦੇ ਦੋ-ਦੋ ਅਤੇ ਕੇਰਲਾ, ਤੇਲੰਗਾਨਾ, ਤਾਮਿਲ ਨਾਡੂ, ਬਿਹਾਰ, ਬੰਗਾਲ ਅਤੇ ਹਿਮਾਚਲ ਪ੍ਰਦੇਸ਼ ਦਾ ਇਕ-ਇਕ ਵਿਅਕਤੀ ਸ਼ਾਮਲ ਸੀ ਇਸ ਦੌਰਾਨ ਮਹਾਰਾਸ਼ਟਰ ਅਤੇ ਕੇਰਲ ਦੋਵਾਂ ਰਾਜਾਂ ਵਿੱਚ ਪੀੜਤਾਂ ਦੀ ਗਿਣਤੀ ਦੋ ਸੌ ਤੋਂ ਵੀ ਪਾਰ ਚਲੀ ਗਈ ਹੈ। ਮਹਾਰਾਸ਼ਟਰ ਵਿੱਚ ਅੱਜ ਤਕ ਸਭ ਤੋਂ ਵੱਧ 203 ਲੋਕ ਪ੍ਰਭਾਵਤ ਹੋਏ ਹਨ। ਐਤਵਾਰ 22 ਨਵੇਂ ਕੇਸ ਪਤਾ ਲੱਗੇ ਹਨ ਅਤੇ 20 ਨਵੇਂ ਕੇਸਾਂ ਨਾਲ ਕੇਰਲ ਵਿੱਚ ਪ੍ਰਭਾਵਤ ਲੋਕਾਂ ਦੀ ਗਿਣਤੀ 202 ਹੋ ਗਈ ਹੈ।

## ਕੋਰੋਨਾ ਦਾ ਕਹਿਰ: ਇਟਲੀ ਵਿੱਚ 700 ਤੋਂ ਵੱਧ ਹੋਰ ਮੌਤਾਂ, ਸੰਸਾਰ ਵਿੱਚ ਮੌਤਾਂ ਦੀ ਗਿਣਤੀ ਦਸ ਹਜ਼ਾਰ ਨੂੰ ਟੱਪੀ

*** ਆਰਥਿਕ ਮਾਰ ਪਈ ਦੇਖ ਕੇ ਜਰਮਨੀ ਦੇ ਵਿੱਤ ਮੰਤਰੀ ਵੱਲੋਂ ਖੁਦਕੁਸ਼ੀ**




ਰੋਮ, 30 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਮਹਾਮਾਰੀ ਦਾ ਸਭ ਤੋਂ ਵੱਧ ਯੂਰਪ ਵਿਚ ਕਹਿਰ ਪਿਆ ਹੈ। ਇਸ ਦਾ ਅੰਦਾਜ਼ਾ ਏਥੋਂ ਲੱਗ ਸਕਦਾ ਹੈ ਕਿ ਐਤਵਾਰ ਨੂੰ ਇਟਲੀ ਵਿਚ 756 ਹੋਰ ਲੋਕਾਂ ਦੀ ਮੌਤ ਹੋਣ ਨਾਲ ਕੋਰੋਨਾ ਦੇ ਕਾਰਨ ਹੋਈਆਂ ਮੌਤਾਂ ਦਾ ਅੰਕੜਾ 10,779 ਹੋ ਗਿਆ ਤੇ 5217 ਨਵੇਂ ਕੇਸ ਸਾਹਮਣੇ ਆਉਣ ਨਾਲ ਪ੍ਰਭਾਵਤ ਲੋਕਾਂ ਦੀ ਗਿਣਤੀ 97,689 ਤੱਕ ਚਲੀ ਗਈ ਹੈ, ਜਿਨ੍ਹਾਂ ਵਿਚੋਂ 13,030 ਨੂੰ ਠੀਕ ਵੀ ਕੀਤਾ ਗਿਆ ਹੈ।

ਇਟਲੀ ਵਿਚ ਇੱਕ ਦਿਨ ਪਹਿਲਾਂ 889 ਲੋਕਾਂ ਦੀ ਮੌਤ ਹੋਈ ਸੀ, ਐਤਵਾਰ ਦੀ ਮਾਰ ਉਸ ਤੋਂ ਘੱਟ ਰਹੀ, ਪਰ ਕੋਰੋਨਾ ਨਾਲ ਇਸ ਦੇਸ਼ ਵਿੱਚ 51 ਡਾਕਟਰਾਂ ਦੀ ਮੌਤ ਹੋਣ ਦੀ ਖਬਰ ਆ ਗਈ ਹੈ। ਯੂਰਪ ਵਿਚ ਇਟਲੀ ਤੋਂ ਪਿੱਛੋਂ ਸਪੇਨ ਵਿਚ ਇਸ ਵਾਇਰਸ ਨਾਲ ਬਹੁਤੀ ਤਬਾਹੀ ਹੋਈ ਹੈ। ਐਤਵਾਰ ਦੇ ਅੰਕੜਿਆਂ ਮੁਤਾਬਕ ਸਪੇਨ ਵਿਚ ਕੁੱਲ 6803 ਲੋਕਾਂ ਦੀ ਮੌਤ ਹੋ ਚੁੱਕੀ ਤੇ 80,110 ਲੋਕ ਇਸ ਤੋਂ ਪ੍ਰਭਾਵਤ ਹਨ, ਜਿਨ੍ਹਾਂ ਵਿਚੋਂ 14,709 ਨੂੰ ਠੀਕ ਕੀਤਾ ਜਾ ਚੁੱਕਾ ਹੈ। ਪੂਰੇ ਯੂਰਪ ਵਿਚ ਮੌਤਾਂ ਦੀ ਗਿਣਤੀ 23 ਹਜ਼ਾਰ ਤੋਂ ਟੱਪ ਚੁੱਕੀ ਹੈ, ਜਦ ਕਿ ਪੂਰੀ ਦੁਨੀਆ ਵਿਚ ਸੋਮਵਾਰ ਸਵੇਰ ਹੋਣ ਤੱਕ 33,956 ਲੋਕਾਂ ਦੀ ਮੌਤ ਹੋ ਚੁੱਕੀ ਅਤੇ 7,03,810 ਲੋਕ ਇਸ ਵਾਇਰਸ ਤੋਂ ਇਨਫੈਕਟਡ ਹੋਏ ਹਨ। ਭਾਰਤ ਵਿੱਚ ਸੋਮਵਾਰ ਦੀ ਸਵੇਰ ਹੋਣ ਤੱਕ ਅਮਰੀਕਾ ਵਿੱਚ 1,41,854 ਕੇਸ ਸਾਹਮਣੇ ਆ ਚੁੱਕੇ ਹਨ ਤੇ ਇਸ ਦੇਸ਼ ਵਿੱਚ 2475 ਮੌਤਾਂ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ 255 ਮੌਤਾਂ ਬੀਤੇ ਚੌਵੀ ਘੰਟਿਆਂ ਦੌਰਾਨ ਹੋਈਆਂ ਹਨ। ਜਰਮਨੀ ਵਿੱਚ 108 ਹੋਰ ਮੌਤਾਂ ਨਾਲ ਕੁੱਲ ਗਿਣਤੀ 541 ਹੋ ਚੁੱਕੀ ਹੈ ਅਤੇ ਇਰਾਨ ਵਿੱਚ 123 ਹੋਰ ਮੌਤਾਂ ਨਾਲ ਮ੍ਰਿਤਕਾਂ ਦੀ ਕੁੱਲ ਗਿਣਤੀ 2640 ਹੋ ਚੁੱਕੀ ਹੈ। ਬ੍ਰਿਟੇਨ ਵਿੱਚ ਪਿਛਲੇ ਚੌਵੀ ਘੰਟਿਆਂ ਵਿੱਚ 209 ਹੋਰ ਮੌਤਾਂ ਨਾਲ ਮਰਨ ਵਾਲਿਆਂ ਦੀ ਕੁੱਲ ਗਿਣਤੀ 1228 ਹੋ ਗਈ ਅਤੇ ਨੀਦਰਲੈਂਡ ਵਿੱਚ 132 ਹੋਰ ਮੌਤਾਂ ਨਾਲ ਇਹ ਗਿਣਤੀ 771 ਹੋਣ ਜਾਣ ਦੀ ਖਬਰ ਮਿਲੀ ਹੈ। ਇਸ ਦੌਰਾਨ ਪਾਕਿਸਤਾਨ ਵਿੱਚ ਕੇਸਾਂ ਦੀ ਗਿਣਤੀ 1497 ਅਤੇ ਮੌਤਾਂ ਦੀ ਗਿਣਤੀ 14 ਹੋ ਗਈ ਹੈ।

ਜਰਮਨੀ ਦੇ ਹੈਸੇ ਰਾਜ ਦੇ ਵਿੱਤ ਮੰਤਰੀ ਥਾਮਸ ਸ਼ਾਫਰ ਨੇ ਕੋਰੋਨਾ ਵਾਇਰਸ ਨਾਲ ਦੇਸ਼ ਦੀ ਅਰਥ ਵਿਵਸਥਾ ਨੂੰ ਹੋਏ ਨੁਕਸਾਨ ਦੀ ਚਿੰਤਾ ਵਿੱਚ ਖੁਦਕੁਸ਼ੀ ਕਰ ਲਈ ਹੈ। ਉਹ ਇਸ ਗੱਲ ਤੋਂ ਦੁਖੀ ਸਨ ਕਿ ਕੋਰੋਨਾ ਵਾਇਰਸ ਕਾਰਨ ਦੇਸ਼ ਦੀ ਅਰਥ ਵਿਵਸਥਾ ਨੂੰ ਜਿੰਨਾ ਨੁਕਸਾਨ ਹੋ ਰਿਹਾ ਹੈ, ਉਸ ਦੀ ਭਰਪਾਈ ਕਿਵੇਂ ਹੋਵੇਗੀ। ਰਾਜ ਦੇ ਪ੍ਰੀਮੀਅਰ ਵੋਲਕਰ ਨੇ ਐਤਵਾਰ ਨੂੰ ਦੱਸਿਆ ਕਿ ਮੰਤਰੀ ਥਾਮਸ ਸ਼ਾਫਰ ਨੂੰ ਸ਼ਨੀਵਾਰ ਰੇਲਵੇ ਟਰੈਕ ਨੇੜੇ ਮ੍ਰਿਤਕ ਪਾਇਆ ਗਿਆ ਸੀ। ਸਮਝਿਆ ਜਾਂਦਾ ਹੈ ਕਿ ਉਨ੍ਹਾਂ ਨੇ ਖੁਦਕੁਸ਼ੀ ਕੀਤੀ ਹੈ। ਪ੍ਰੀਮੀਅਰ ਵੋਲਕਰ ਨੇ ਕਿਹਾ ਕਿ ਸ਼ਾਫਰ ਵੋਲਕਰ ਉਨ੍ਹਾਂ ਲਈ ਬੀਤੇ 10 ਸਾਲ ਤੋਂ ਵਿੱਤੀ ਸਹਿਯੋਗੀ ਸਨ। ਉਹ ਕੋਰੋਨਾ ਨਾਲ ਹੋਏ ਨੁਕਸਾਨ ਤੋਂ ਦੇਸ਼ ਨੂੰ ਬਚਾਉਣ ਲਈ ਦਿਨ ਰਾਤ ਕੰਮ ਕਰ ਰਹੇ ਸਨ ਤੇ ਕੰਪਨੀਆਂ ਅਤੇ ਮੁਲਾਜ਼ਮਾਂ ਦੀ ਮਦਦ ਕਰ ਰਹੇ ਸਨ।

## ਕੋਰੋਨਾ ਵਾਇਰਸ ਦੇ ਸੰਕਟ ਵਿੱਚ ਪੰਜਾਬ ਸਰਕਾਰ ਵੱਲੋਂ ਵੀ ਵੱਡੇ ਐਲਾਨ

ਚੰਡੀਗੜ੍ਹ, 29 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਦੇ ਡਰ ਕਾਰਨ ਜਦੋਂ ਭਾਰਤ ਸਰਕਾਰ ਵੱਲੋਂ ਦੇਸ਼ ਵਿਆਪੀ ਲਾਕ ਡਾਊਨ ਕੀਤਾ ਗਿਆ ਹੈ, ਓਦੋਂ ਪੰਜਾਬ ਸਰਕਾਰ ਨੇ ਇਸ ਰਾਜ ਵਿੱਚ ਅਣਮਿੱਥੇ ਸਮੇਂ ਲਈ ਕਰਫਿਊ ਲਾਇਆ ਹੋਇਆ ਹੈ। ਇਸ ਦੌਰਾਨ ਪੰਜਾਬ ਸਰਕਾਰ ਨੇ ਨਵੇਂ ਹੁਕਮ ਜਾਰੀ ਕਰ ਕੇ ਕਾਰੋਬਾਰੀਆਂ ਤੇ ਇੰਡਸਟਰੀ ਵਾਲਿਆਂ ਨੂੰ ਸ਼ਰਤਾਂ ਸਮੇਤ ਕੁਝ ਹੋਰ ਰਾਹਤ ਦਿੱਤੀ ਹੈ, ਤਾਂ ਜੁ ਸਥਿਤੀ ਦਾ ਟਾਕਰਾ ਕੀਤਾ ਜਾ ਸਕੇ।

ਪੰਜਾਬ ਵਿੱਚੋਂ ਕੋਰੋਨਾ ਦੇ ਸੰਕਟ ਦੌਰਾਨ ਮਜ਼ਦੂਰਾਂ ਦੇ ਵਾਪਸ ਜਾਣ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਇਸ ਰਾਜ ਦੀਆਂ ਸਾਰੀਆਂ ਸਨਅਤੀ ਯੂਨਿਟਾਂ ਤੇ ਇੱਟਾਂ ਦੇ ਭੱਠਿਆਂ ਦੇ ਮਾਲਕਾਂ ਨੂੰ ਕਿਹਾ ਹੈ ਕਿ ਜੇ ਉਨ੍ਹਾਂ ਕੋਲ ਲੋੜ ਜੋਗੇ ਪ੍ਰਬੰਧ ਹਨ ਤਾਂ ਉਹ ਪਰਵਾਸੀ ਮਜ਼ਦੂਰਾਂ ਨਾਲ ਕੰਮ ਸ਼ੁਰੂ ਕਰ ਸਕਦੇ ਹਨ, ਪਰ ਇਸ ਦੌਰਾਨ ਮਹਾਮਾਰੀ ਕੋਰੋਨਾ ਦੀ ਮਾਰ ਤੋਂ ਬਚਣ ਲਈ ਮਿਲੀਆਂ ਸਭ ਹਦਾਇਤਾਂ ਦੀ ਪਾਲਣਾ ਜ਼ਰੂਰੀ ਕੀਤੀ ਜਾਣੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਰਾਧਾ ਸੁਆਮੀ ਸਤਿਸੰਗ ਬਿਆਸ ਨਾਲ ਵੀ ਵਿਚਾਰ ਵਟਾਂਦਰਾ ਕਰ ਰਹੀ ਹੈ, ਜਿਹੜੇ ਪਹਿਲਾਂ ਹੀ ਆਪਣੇ ਸਤਿਸੰਗ ਭਵਨਾਂ ਨੂੰ ਵੱਖ-ਵੱਖ ਸਹੂਲਤਾਂ ਵਜੋਂ ਪੇਸ਼ ਕਰ ਚੁੱਕੇ ਹਨ। ਰਾਜ ਸਰਕਾਰ ਪ੍ਰਵਾਸੀ ਮਜ਼ਦੂਰਾਂ ਨੂੰ ਉਥੇ ਰੱਖਣ ਬਾਰੇ ਸੋਚ ਰਹੀ ਹੈ, ਇਨ੍ਹਾਂ ਲੋਕਾਂ ਦੀ ਦੋ ਹਫ਼ਤਿਆਂ ਤੱਕ ਖੇਤਾਂ ਵਿਚ ਕਣਕ ਦੀ ਕਟਾਈ ਲਈ ਲੋੜ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਦਯੋਗਿਕ ਯੂਨਿਟਾਂ ਅਤੇ ਇੱਟਾਂ ਦੇ ਭੱਠਿਆਂ ਦੇ ਮਾਲਕ ਕੰਮ ਸ਼ੁਰੂ ਕਰ ਸਕਦੇ ਹਨ, ਪਰ ਓਥੇ ਪ੍ਰਵਾਸੀ ਮਜ਼ਦੂਰਾਂ ਨੂੰ ਰਹਿਣ ਲਈ ਥਾਂ ਤੇ ਭੋਜਨ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਉਨ੍ਹਾ ਨੇ ਇਨ੍ਹਾਂ ਉਦਯੋਗਿਕ ਯੂਨਿਟਾਂ ਦੇ ਮਾਲਕਾਂ ਨੂੰ ਇਨ੍ਹਾਂ ਮਜ਼ਦੂਰਾਂ ਦੀ ਸਮਾਜਿਕ ਦੂਰੀ, ਹੈਂਡ ਸੈਨੇਟਾਈਜ਼ਰ, ਸਾਬਣ ਤੇ ਲੋੜੀਂਦੇ ਪਾਣੀ ਦਾ ਪ੍ਰਬੰਧ ਕਰਨ ਲਈ ਵੀ ਕਿਹਾ ਹੈ।

ਕੋਰੋਨਾ ਵਾਇਰਸ ਤੋਂ ਪੈਦਾ ਹੋਏ ਸੰਕਟ ਨਾਲ ਨਜਿੱਠਣ ਤੇ ਇਸ ਲਈ ਕੀਤੇ ਗਏ ਪ੍ਰਬੰਧਾਂ ਦੇ ਅਮਲ ਨੂੰ ਵੇਖਣ ਦੇ ਲਈ ਪੰਜਾਬ ਸਰਕਾਰ ਨੇ ਚਾਰ ਕਮੇਟੀਆਂ ਬਣਾਈਆਂ ਹਨ, ਜਿਹੜੀਆਂ ਰਾਜ ਵਿਚ ਕੋਵਿਡ-19 ਦੇ ਪ੍ਰਬੰਧ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੇ ਹਰ ਪੱਖ ਉੱਤੇ ਅੱਖ ਰੱਖਣਗੀਆਂ। ਇਹ ਕਮੇਟੀਆਂ ਹੈਲਥ ਸੈਕਟਰ ਰਿਸਪਾਂਸ ਅਤੇ ਪ੍ਰਕਿਊਰਮੈਂਟ, ਲਾਕਡਾਊਨ ਦਾ ਅਮਲ, ਮੀਡੀਆ ਅਤੇ ਸੰਚਾਰ ਅਤੇ ਖੇਤੀਬਾੜੀ ਤੇ ਖੁਰਾਕ ਬਾਰੇ ਬਣਾਈਆਂ ਹਨ।

## ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਸੁਰੱਖਿਆ ਵਿੱਚ ਕਟੌਤੀ

ਆਨੰਦਪੁਰ ਸਾਹਿਬ, 29 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਵਾਸਤੇ ਲਏ ਫੈਸਲਿਆਂ ਦਾ ਅਸਰ ਜਿੱਥੇ ਸਮੁੱਚੇ ਪੰਜਾਬ 'ਤੇ ਪਿਆ ਹੈ, ਉਥੇ ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਪੰਜਾਬ ਪੁਲਸ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਸਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਸੁਰੱਖਿਆ ਛਤਰੀ ਵਿੱਚ ਵੀ ਕਟੌਤੀ ਕਰ ਦਿੱਤੀ ਹੈ। ਏ ਡੀ ਜੀ ਪੀ (ਸੁਰੱਖਿਆ) ਪੰਜਾਬ ਦੇ ਦਫਤਰ ਤੋਂ ਜਾਰੀ ਪੱਤਰ ਦੇ ਅਨੁਸਾਰ ਕੋਰੋਨਾ ਵਾਇਰਸ ਦੌਰਾਨ ਲੱਗੇ ਕਰਫਿਊ ਅਤੇ ਸਮੇਂ ਦੀ ਮੰਗ ਦਾ ਧਿਆਨ ਰੱਖ ਕੇ ਵੱਡੀ ਗਿਣਤੀ ਵੀ ਆਈ ਪੀਜ਼ ਦੀ ਸੁਰੱਖਿਆ ਦੀ ਕਟੌਤੀ ਕੀਤੀ ਗਈ ਹੈ। ਇਸ ਦੌਰਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਦੇ ਨਾਲ ਚੱਲਣ ਵਾਲੇ 13 ਮੁਲਾਜ਼ਮਾਂ ਵਿੱਚੋਂ ਉਨ੍ਹਾਂ ਦੀ ਰਿਹਾਇਸ਼ ਅੰਮ੍ਰਿਤਸਰ ਵਿਖੇ ਵਾਪਸ ਬੁਲਾ ਲਿਆ ਗਿਆ ਹੈ। ਇਸੇ ਤਰ੍ਹਾਂ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨਾਲ ਚੱਲਣ ਵਾਲੇ 11 ਮੁਲਾਜ਼ਮਾਂ ਵਿੱਚੋਂ ਦੋ ਵਾਪਸ ਬੁਲਾ ਲਿਆ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਚੱਲਦੇ 15 ਮੁਲਾਜ਼ਮਾਂ ਵਿੱਚੋਂ ਚਾਰ ਨੂੰ ਹਟਾ ਲਿਆ ਹੈ। ਇਨ੍ਹਾਂ ਤਿੰਨਾਂ ਕੋਲ ਕ੍ਰਮਵਾਰ 11, 9 ਅਤੇ 11 ਮੁਲਾਜ਼ਮ ਹੀ ਸੁਰੱਖਿਆ ਛਤਰੀ 'ਚ ਰਹਿ ਗਏ ਹਨ। ਇਸ ਤੋਂ ਇਲਾਵਾ ਕੁੱਲ 166 ਵੀ ਆਈ ਪੀਜ਼ ਦੀ ਸੁਰੱਖਿਆ ਦੀ ਸਮੀਖਿਆ ਕਰਦਿਆਂ ਮੁਲਾਜ਼ਮਾਂ ਨੂੰ ਵਾਪਸ ਬੁਲਾਇਆ ਗਿਆ ਹੈ। ਇਨ੍ਹਾਂ ਵਿੱਚ ਸਿਆਸਤਦਾਨ, ਧਾਰਮਕ ਆਗੂ ਤੇ ਅਫਸਰ ਵੀ ਸ਼ਾਮਲ ਹਨ।

# ਲੁਧਿਆਣਾ ਦੀ ਕੇਂਦਰੀ ਜੇਲ੍ਹ ਵਿੱਚੋਂ ਚਾਰ ਖਤਰਨਾਕ ਕੈਦੀ ਫਰਾਰ

ਲੁਧਿਆਣਾ, 29 ਮਾਰਚ (ਪੋਸਟ ਬਿਊਰੋ)- ਸਥਾਨਕ ਕੇਂਦਰੀ ਜੇਲ੍ਹ 'ਚੋਂ ਬੀਤੀ ਰਾਤ ਚਾਰ ਖਤਰਨਾਕ ਬੰਦੀਆਂ ਦੇ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਘਟਨਾ ਦਾ ਪਤਾ ਕੱਲ੍ਹ ਸਵੇਰੇ ਓਦੋਂ ਲੱਗਾ ਜਦੋਂ ਜੇਲ੍ਹ ਬੰਦੀਆਂ ਦੀ ਗਿਣਤੀ ਕੀਤੀ ਗਈ ਤਾਂ ਚਾਰ ਜਣੇ ਫਰਾਰ ਹੋ ਚੁੱਕੇ ਸਨ। ਇਸ ਬਾਰੇ ਉੱਚ ਅਧਿਕਾਰੀਆਂ ਨੂੰ ਸੂਚਨਾ ਦਿੱਤੀ ਗਈ ਤਾਂ ਜ਼ਿਲਾ ਪੁਲਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ। ਪੁਲਸ ਅਨੁਸਾਰ ਰਾਤ ਜੇਲ੍ਹ ਵਿੱਚ ਵੱਖ-ਵੱਖ ਕੇਸਾਂ ਦਾ ਸਾਹਮਣਾ ਕਰ ਰਹੇ ਰਵੀ ਕੁਮਾਰ ਵਾਸੀ ਸਮਰਾਲਾ, ਸੂਰਜ ਕੁਮਾਰ ਵਾਸੀ ਧਾਂਦਰਾ ਰੋਡ, ਅਮਨ ਕੁਮਾਰ ਉਰਫ ਦੀਪਕ ਪਿੰਡ ਗੋਬਿੰਦਗੜ੍ਹ, ਅਰਸ਼ਦੀਪ ਸਿੰਘ ਉਰਫ ਸੀਪਾ ਵਾਸੀ ਸੰਗਰੂਰ ਸ਼ਾਮਲ ਹਨ। ਇਹ ਚਾਰੇ ਜਣੇ ਜੇਲ੍ਹ ਦੇ ਅਤਿ ਸੁਰੱਖਿਅਤ ਜ਼ੋਨ ਸਮਝੇ ਜਾਂਦੇ ਚੱਕੀ ਸੈੱਲ ਵਿੱਚ ਬੰਦ ਸਨ। ਰਾਤ ਇਨ੍ਹਾਂ ਦੋਸ਼ੀਆਂ ਨੇ ਸੈੱਲ ਦਾ ਦਰਵਾਜ਼ਾ ਖੋਲ੍ਹਿਆ ਤੇ ਉਥੇ ਪਏ ਕੰਬਲ ਚੁੱਕ ਲਏ। ਦਰਵਾਜ਼ਾ ਖੋਲ੍ਹ ਕੇ ਇਹ ਸਾਰੇ ਬਾਹਰ ਆ ਗਏ ਅਤੇ ਇੱਕ ਦੂਜੇ ਦੀ ਮਦਦ ਨਾਲ ਜੇਲ੍ਹ ਦੀ ਕੰਧ ਟੱਪ ਕੇ ਨਾਲ ਲੱਗਦੀ ਜਨਾਨਾ ਜੇਲ੍ਹ ਵਿੱਚ ਆ ਗਏ। ਉਥੋਂ ਇਨ੍ਹਾਂ ਨੇ ਕੰਬਲਾਂ ਦੀ ਰੱਸੀ ਬਣਾ ਕੇ ਪੰਦਰਾਂ ਫੁੱਟ ਦੇ ਕਰੀਬ ਉੱਚੀ ਕੰਧ ਟੱਪੀ ਤੇ ਫਰਾਰ ਹੋ ਗਏ।

ਸਵੇਰੇ ਜਦੋਂ ਇਨ੍ਹਾਂ ਦੇ ਫਰਾਰ ਹੋਣ ਬਾਰੇ ਜੇਲ੍ਹ ਅਧਿਕਾਰੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਜ਼ਿਲਾ ਪੁਲਸ ਦੇ ਉਚ ਅਧਿਕਾਰੀਆਂ ਨੂੰ ਦੱਸਿਆ। ਪੁਲਸ ਨੇ ਇਸ ਬਾਰੇ ਪੂਰੇ ਪੰਜਾਬ ਦੇ ਥਾਣਿਆਂ ਵਿੱਚ ਇਨ੍ਹਾਂ ਫਰਾਰ ਬੰਦੀਆਂ ਦੀਆਂ ਤਸਵੀਰਾਂ ਭੇਜ ਕੇ ਇਤਲਾਹ ਦਿੱਤੀ ਹੈ। ਇਨ੍ਹਾਂ 'ਚੋਂ ਦੋ ਬੰਦੀ ਦੀਪਕ ਅਤੇ ਸੂਰਜ ਪਹਿਲਾਂ ਵੀ ਫਰਾਰ ਹੋਏ ਸਨ। ਦੀਪਕ ਪਿਛਲੇ ਸਾਲ ਜੇਲ੍ਹ ਵਿੱਚ ਬੰਦੀਆਂ ਤੇ ਮੁਲਾਜ਼ਮਾਂ ਵਿਚਾਲੇ ਝੜਪਾਂ ਦੌਰਾਨ ਫਰਾਰ ਹੋ ਗਿਆ ਸੀ ਤੇ ਸੂਰਜ ਪੇਸ਼ੀ ਦੌਰਾਨ ਬਸ ਦਾ ਫਰਸ਼ ਤੋੜ ਕੇ ਫਰਾਰ ਹੋਇਆ ਸੀ। ਪੁਲਸ ਨੇ ਇਨ੍ਹਾਂ ਦੋਵਾਂ ਨੂੰ ਕੁਝ ਸਮੇਂ ਬਾਅਦ ਗ੍ਰਿਫਤਾਰ ਕਰ ਲਿਆ ਸੀ। ਇਸ ਪਿੱਛੋਂ ਇਨ੍ਹਾਂ ਨੂੰ ਜੇਲ੍ਹ ਦੇ ਅਤਿ ਸੁਰੱਖਿਅਤ ਸਮਝੇ ਜਾਂਦੇ ਚੱਕੀ ਸੈਲ ਵਿੱਚ ਰੱਖਿਆ ਗਿਆ ਸੀ। ਕੇਂਦਰੀ ਜੇਲ੍ਹ ਵਿੱਚੋਂ ਅੱਧੀ ਰਾਤ ਫਰਾਰ ਹੋਏ ਚਾਰ ਬੰਦੀਆਂ ਦੇ ਕੇਸ ਵਿੱਚ ਏ ਡੀ ਜੀ ਪੀ ਜੇਲ੍ਹ ਪੀ ਕੇ ਸਿਨਹਾ ਨੇ ਕੱਲ੍ਹ ਦੇਰ ਸ਼ਾਮ ਜੇਲ੍ਹ ਦਾ ਦੌਰਾ ਕੀਤਾ। ਉਨ੍ਹਾਂ ਨੇ ਇਸ ਮੌਕੇ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ।

ਜਾਣਕਾਰ ਸੂਤਰਾਂ ਅਨੁਸਾਰ ਸਿਨਹਾ ਨੇ ਚੱਕੀ ਸੈਲ ਦੇ ਇੰਚਾਰਜ ਨੂੰ ਸਸਪੈਂਡ ਕਰ ਦਿੱਤਾ ਅਤੇ ਸਾਰੇ ਕੇਸ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਪੁਲਸ ਵੱਲੋਂ ਜੇਲ੍ਹ ਦੇ ਨੇੜੇ ਲੱਗੇ ਸੀ ਸੀ ਟੀ ਵੀ ਕੈਮਰੇ ਚੈਕ ਕੀਤੇ ਜਾ ਰਹੇ ਹਨ। ਪੁਲਸ ਅਨੁਸਾਰ ਇਹ ਬੰਦੀ ਰਾਤ 11 ਵਜੇ ਦੇ ਕਰੀਬ ਫਰਾਰ ਹੋਏ। ਜਾਂਚ ਅਧਿਕਾਰੀ ਏ ਸੀ ਪੀ ਦਵਿੰਦਰ ਚੌਧਰੀ ਨੇ ਦੱਸਿਆ ਕਿ ਪੁਲਸ ਤੇ ਜੇਲ੍ਹ ਅਧਿਕਾਰੀ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਇਨ੍ਹਾਂ ਨੇ ਚੱਕੀ ਸੈਲ ਦਾ ਦਰਵਾਜ਼ਾ ਕਿਵੇਂ ਖੋਲ੍ਹਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਓਨਟਾਰੀਓ ਵਿੱਚ ਪੰਜ ਤੋਂ ਵੱਧ ਵਿਅਕਤੀਆਂ ਦੇ ਇੱਕਠੇ ਹੋਣ ਉੱਤੇ ਲਾਈ ਗਈ ਪਾਬੰਦੀ

ਟੋਰਾਂਟੋ, 29 ਮਾਰਚ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਕੋਵਿਡ-19 ਨੂੰ ਅੱਗੇ ਫੈਲਣ ਤੋਂ ਰੋਕਣ ਲਈ ਤੇ ਓਨਟਾਰੀਓ ਵਾਸੀਆਂ ਦੀ ਸਿਹਤ ਤੇ ਭਲਾਈ ਲਈ ਫੌਰੀ ਕਾਰਵਾਈ ਕੀਤੀ ਜਾ ਰਹੀ ਹੈ।




ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਦੀ ਸਲਾਹ ਉੱਤੇ ਓਨਟਾਰੀਓ ਸਰਕਾਰ ਵੱਲੋਂ ਐਮਰਜੰਸੀ ਮੈਨੇਜਮੈਂਟ ਐਂਡ ਸਿਵਲ ਪ੍ਰੋਟੈਕਸ਼ਨ ਐਕਟ ਤਹਿਤ ਜਨਤਕ ਈਵੈਂਟਸ ਕਰਵਾਉਣ ਤੇ ਪੰਜ ਵਿਅਕਤੀਆਂ ਤੋਂ ਵੱਧ ਦੇ ਇੱਕਠ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ। ਇਹ ਹੁਕਮ ਫੌਰੀ ਤੌਰ ਉੱਤੇ ਲਾਗੂ ਹੋਣਗੇ। ਇਹ ਹੁਕਮ ਪੰਜ ਜਾਂ ਵੱਧ ਵਿਅਕਤੀਆਂ ਵਾਲੇ ਘਰਾਂ ਉੱਤੇ ਲਾਗੂ ਨਹੀਂ ਹੋਣਗੇ। ਇਸ ਤੋਂ ਇਲਾਵਾ ਫਰੰਟਲਾਈਨ ਹੈਲਥ ਕੇਅਰ ਵਰਕਰਜ਼ ਤੇ ਫਰਸਟ ਰਿਸਪਾਂਡਰਜ਼ ਦੇ ਬੱਚਿਆਂ ਦੀ ਸਾਂਭ ਸੰਭਾਲ ਕਰਨ ਵਾਲੇ ਚਾਈਲਡ ਕੇਅਰ ਸੈਂਟਰਾਂ ਉੱਤੇ ਵੀ ਇਹ ਹੁਕਮ ਲਾਗੂ ਨਹੀਂ ਹੋਣਗੇ ਬਸ਼ਰਤੇ ਇੱਥੇ ਲੋਕਾਂ ਦੀ ਗਿਣਤੀ 50 ਤੋਂ ਉੱਪਰ ਨਾ ਟੱਪੇ। ਅੰਤਮ ਸਸਕਾਰ ਵਿੱਚ ਵੀ ਦਸ ਵਿਅਕਤੀਆਂ ਤੋਂ ਵਧ ਲੋਕ ਸ਼ਾਮਲ ਨਹੀਂ ਹੋ ਸਕਣਗੇ।

ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਜੇ ਅਸੀਂ ਕੋਵਿਡ-19 ਦੇ ਪਸਾਰ ਨੂੰ ਰੋਕਣ ਵਿੱਚ ਕਾਮਯਾਬ ਹੋਣਾ ਚਾਹੁੰਦੇ ਹਾਂ ਤੇ ਆਪਣੀਆਂ ਕਮਿਊਨਿਟੀਜ਼ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਫਿਜ਼ੀਕਲ ਡਿਸਟੈਂਸਿੰਗ ਯਕੀਨੀ ਬਣਾਉਣੀ ਹੋਵੇਗੀ। ਉਨ੍ਹਾਂ ਆਖਿਆ ਕਿ ਉਹ ਚਾਹੁੰਦੇ ਹਨ ਕਿ ਹਰ ਕੋਈ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਏ ਤੇ ਜਦੋਂ ਤੱਕ ਲੋੜ ਨਹੀਂ ਪੈਂਦੀ ਬਿਨਾ ਮਤਲਬ ਦੇ ਘਰਾਂ ਤੋਂ ਬਾਹਰ ਨਾ ਆਵੇ। ਉਨ੍ਹਾਂ ਆਖਿਆ ਕਿ ਉਹ ਇਹ ਭਰੋਸਾ ਦਿਵਾਉਣਾ ਚਾਹੁੰਦੇ ਹਨ ਕਿ ਵਾਇਰਸ ਨੂੰ ਰੋਕਣ ਲਈ ਜੋ ਕੁਝ ਵੀ ਉਨ੍ਹਾਂ ਦੇ ਵੱਸ ਵਿੱਚ ਹੋਵੇਗਾ ਉਹ ਕਰਨਗੇ।

ਆਰਗੇਨਾਈਜ਼ਡ ਈਵੈਂਟਸ ਵਿੱਚ ਪਰੇਡ, ਵਿਆਹ ਸ਼ਾਦੀਆਂ, ਸੋਸ਼ਲ ਗੈਦਰਿੰਗਜ਼, ਧਾਰਮਿਕ ਥਾਂਵਾਂ ਉੱਤੇ ਕਮਿਊਨਲ ਸਰਵਿਸਿਜ਼ ਆਦਿ ਸ਼ਾਮਲ ਹਨ। ਇਨ੍ਹਾਂ ਹੁਕਮਾਂ ਨਾਲ ਪਹਿਲਾਂ ਵਾਲੇ ਐਮਰਜੰਸੀ ਆਰਡਰ ਖ਼ਤਮ ਹੋ ਜਾਂਦੇ ਹਨ ਜਿਨ੍ਹਾਂ ਵਿੱਚ 50 ਤੋਂ ਵੱਧ ਲੋਕਾਂ ਦੇ ਇੱਕਠ ਉੱਤੇ ਰੋਕ ਸੀ।

# ਕਿਊਬਾ ਵੱਲੋਂ ਅਮਰੀਕਾ ਦੇ ਕੁਫਰ ਦੀ ਨਿੰਦਾ

ਹਵਾਨਾ, 29 ਮਾਰਚ (ਪੋਸਟ ਬਿਊਰੋ)- ਕਿਊਬਾ ਨੇ ਇਟਲੀ ਸਮੇਤ ਕਈ ਦੇਸ਼ਾਂ ਨੂੰ ਭੇਜੀਆਂ ਆਪਣੀਆਂ ਮੈਡੀਕਲ ਟੀਮਾਂ ਦੇ ਖਿਲਾਫ 'ਕੁਫ਼ਰ ਤੋਲਣ' ਲਈ ਅਮਰੀਕਾ ਦੀ ਨਿਖੇਧੀ ਕੀਤੀ ਹੈ।



ਵਰਨਣ ਯੋਗ ਹੈ ਕਿ ਪਿਛਲੇ ਹਫਤੇ ਕਿਊਬਾ ਨੇ ਕੋਰੋਨਾ ਵਾਇਰਸ ਮਹਾਂਮਾਰੀ ਦੇ ਖ਼ਿਲਾਫ਼ ਜੰਗ ਵਿੱਚ ਮਦਦ ਲਈ ਮਿਲੀਆਂ ਅਪੀਲਾਂ ਦੇ ਬਾਅਦ ਇਟਲੀ, ਵੈਨਜ਼ੁਏਲਾ, ਨਿਕਾਰਾਗੁਆ, ਗਰਨਾਡਾ, ਸੂਰੀਨਾਮ, ਜਮਾਇਕਾ ਅਤੇ ਬਿਲੀਜ਼ ਵਿੱਚ ਮੈਡੀਕਲ ਟੀਮਾਂ ਭੇਜੀਆਂ ਸਨ। ਮੈਡੀਕਲ ਸੇਵਾਵਾਂ ਦੀ ਐਕਸਪੋਰਟ ਨੂੰ ਕਿਊਬਨ ਅਰਥਚਾਰੇ ਦਾ ਅਹਿਮ ਥੰਮ੍ਹ ਮੰਨਿਆ ਜਾਂਦਾ ਹੈ। ਅਮਰੀਕਾ ਵੱਲੋਂ ਪਿਛਲੇ ਛੇ ਦਹਾਕਿਆਂ ਤੋਂ ਲਾਈਆਂ ਪਾਬੰਦੀਆਂ ਦੇ ਕਾਰਨ ਕਿਊਬਨ ਅਰਥਚਾਰੇ ਨੂੰ ਵੱਡੀ ਮਾਰ ਝੱਲਣੀ ਪਈ ਹੈ। ਅਧਿਕਾਰਤ ਅੰਕੜਿਆਂ ਮੁਤਾਬਕ ਮੈਡੀਕਲ ਸੇਵਾਵਾਂ ਦੀ ਐਕਸਪੋਰਟ ਦੇ ਨਾਲ ਮੁਲਕ ਵਿੱਚ 6.3 ਅਰਬ ਅਮਰੀਕੀ ਡਾਲਰ ਆਏ ਹਨ। ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ, 'ਅਮਰੀਕਾ ਸਰਕਾਰ ਵੱਲੋਂ ਕਿਊਬਾ ਦੀ ਸਾਖ਼ ਘਟਾਉਣ ਲਈ ਚਲਾਈ ਮੁਹਿੰਮ ਕਿਸੇ ਵੀ ਸੂਰਤ ਵਿੱਚ ਅਨੈਤਿਕ ਅਤੇ ਖਾਸ ਕਰਕੇ ਕਿਊਬਾ ਤੇ ਪੂਰੇ ਵਿਸ਼ਵ ਲਈ ਕਿਸੇ ਵਧੀਕੀ ਤੋਂ ਘੱਟ ਨਹੀਂ, ਉਹ ਵੀ ਅਜਿਹੇ ਮੌਕੇ, ਜਦੋਂ ਮਹਾਂਮਾਰੀ ਸਾਡੇ ਸਾਰਿਆਂ ਲਈ ਵੱਡਾ ਡਰ ਬਣੀ ਹੋਈ ਹੈ।' ਕਿਊਬਾ ਦੇ ਵਿਦੇਸ਼ ਮੰਤਰ-ਾਲੇ ਨੇ ਡਿਪਲੋਮੈਟਿਕ ਚੈਨਲਾਂ ਰਾਹੀਂ ਰੋਸ ਜਤਾਉਂਦੇ ਹੋਏ ਬਿਆਨ ਵਿਚ ਕਿਹਾ, 'ਅਮਰੀਕਾ ਦਾ ਵਿਦੇਸ਼ ਵਿਭਾਗ ਕਿਊਬਾ ਵੱਲੋਂ ਕੌਮਾਂਤਰੀ ਭਾਈਚਾਰੇ ਨੂੰ ਦਿੱਤੇ ਗਏ ਮੈਡੀਕਲ ਸਹਿਯੋਗ ਬਾਰੇ ਲਗਾਤਾਰ ਕੁਫ਼ਰ ਤੋਲ ਕੇ ਸਾਡੇ ਦੇਸ਼ ਦੀ ਸਾਖ਼ ਨੂੰ ਘਟਾਉਣ ਦੀ ਭੜਕਾਊ ਮੁਹਿੰਮ ਚਲਾ ਰਿਹਾ ਹੈ।' ਕਿਊਬਾ ਆਪਣੇ ਮੈਡੀਕਲ ਸਿਖਲਾਈ ਪ੍ਰੋਗਰਾਮ ਲਈ ਵਿਸ਼ਵ ਵਿੱਚ ਮਕਬੂਲ ਨਾਮ ਹੈ। ਕਿਊਬਾ ਦੇ 30 ਹਜ਼ਾਰ ਤੋਂ ਵੱਧ ਡਾਕਟਰ 61 ਦੇਸ਼ਾਂ ਵਿੱਚ ਕੰਮ ਕਰ ਰਹੇ ਹਨ ਤੇ ਇਨ੍ਹਾਂ ਮੈਡੀਕਲ ਪੇਸ਼ੇਵਰਾਂ ਨੂੰ ਉਨ੍ਹਾਂ ਦੇ ਖਰਚੇ ਪੂਰੇ ਕਰਨ ਲਈ ਉਹ (ਕਿਊਬਾ) ਖ਼ੁਦ ਅਦਾਇਗੀ ਕਰਦਾ ਹੈ।

# ਭਾਰਤ ਵਿੱਚ ਹਿਜਰਤ ਰੋਕਣ ਲਈ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਨੂੰ ਜਾਣ ਉੱਤੇ ਰੋਕ ਲੱਗੀ

## * ਪਰਵਾਸੀ ਮਜ਼ਦੂਰਾਂ ਦੇ ਘਰਾਂ ਦਾ ਕਿਰਾਇਆ ਦਿੱਲੀ ਸਰਕਾਰ ਭਰੇਗੀ



ਨਵੀਂ ਦਿੱਲੀ, 29 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਦੌਰਾਨ ਭਾਰਤ ਵਿੱਚ ਚੱਲਦੇ ਲਾਕਡਾਊਨ ਦੀ ਮਾਰ ਹੇਠ ਵੱਡੀ ਗਿਣਤੀ ਵਿੱਚ ਮਜ਼ਦੂਰ ਸ਼ਹਿਰ ਛੱਡ ਕੇ ਪਿੰਡਾਂ ਜਾਣ ਲੱਗ ਪਏ ਸਨ। ਇਸ ਨਾਲ ਹਾਈਵੇ ਉੱਤੇ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਦੇ ਪੈਦਲ ਜਾਣ ਕਾਰਨ ਮਹਾਮਾਰੀ ਦੇ ਹੋਰ ਫੈਲਣ ਦਾ ਡਰ ਸੀ, ਜਿਸ ਕਰ ਕੇ ਕੇਂਦਰ ਸਰਕਾਰ ਨੇ ਰਾਜਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਯਕੀਨੀ ਕਰਨ ਕਿ ਲੋਕਾਂ ਦੀ ਇਹੋ ਜਿਹੀ ਆਵਾਜਾਈ ਨਾ ਹੋਵੇ।

ਅੱਜ ਐਤਵਾਰ ਨੂੰ ਕੇਂਦਰ ਸਰਕਾਰ ਨੇ ਨਿਰਦੇਸ਼ ਦਿੱਤਾ ਕਿ ਜਿਹੜੇ ਲੋਕ ਸਰਕਾਰ ਦੇ ਲਾਏ ਹੋਏ ਲਾਕਡਾਊਨ ਦੀ ਉਲੰਘਣਾ ਕਰ ਕੇ ਇਕ ਤੋਂ ਦੂਜੀ ਥਾਂ ਗਏ ਹਨ, ਉਨ੍ਹਾਂ ਨੂੰ ਘੱਟੋ-ਘੱਟ 14 ਦਿਨਾਂ ਕਵਾਰੰਟਾਈਨ ਕੀਤਾ ਜਾਵੇ। ਇਹ ਹੁਕਮ ਸਾਰੇ ਰਾਜਾਂ ਦੀਆਂ ਸਰਕਾਰਾਂ ਨੂੰ ਜਾਰੀ ਕੀਤਾ ਗਿਆ ਹੈ। ਇਸ ਦੇ ਨਾਲ ਉਨ੍ਹਾਂ ਲਈ ਖਾਣ-ਪੀਣ ਦੀ ਵਿਵਸਥਾ ਤੇ ਉਨ੍ਹਾਂ ਦੇ ਰਹਿਣ ਲਈ ਜ਼ਰੂਰੀ ਕਦਮ ਚੁੱਕਣ ਨੂੰ ਕਿਹਾ ਗਿਆ ਹੈ। ਪਿਛਲੇ ਦੋ ਦਿਨਾਂ ਵਿੱਚ ਵੇਖਿਆ ਗਿਆ ਹੈ ਕਿ ਪ੍ਰਵਾਸੀ ਮਜ਼ਦੂਰ ਵੱਡੀ ਗਿਣਤੀ ਵਿੱਚ ਇਕ ਤੋਂ ਦੂਜੀ ਥਾਂ ਜਾ ਰਹੇ ਹਨ। ਕੇਂਦਰ ਨੇ ਸਾਰੀਆਂ ਸੂਬਾ ਸਰਕਾਰਾਂ ਨੂੰ ਹੱਦਾਂ ਸੀਲ ਕਰਨ ਲਈ ਵੀ ਕਿਹਾ ਅਤੇ ਨਿਰਦੇਸ਼ ਦਿੱਤਾ ਹੈ ਕਿ ਹਾਈਵੇ ਉੱਤੇ ਕਿਸੇ ਤਰ੍ਹਾਂ ਦੀ ਭੀੜ ਨਹੀਂ ਹੋਣੀ ਚਾਹੀਦੀ।

ਦੂਸਰੇ ਪਾਸੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਿਜਰਤ ਨੂੰ ਰੋਕਣ ਲਈ ਅੱਜ ਐਲਾਨ ਕੀਤਾ ਹੈ ਕਿ ਦਿੱਲੀ ਸਰਕਾਰ ਪਰਵਾਸੀ ਮਜ਼ਦੂਰਾਂ ਦੇ ਘਰਾਂ ਦਾ ਕਿਰਾਇਆ ਭਰੇਗੀ, ਉਹ ਘਰਾਂ ਵਿੱਚ ਟਿਕੇ ਰਹਿਣ ਅਤੇ ਲਾਕਡਾਊਨ ਨੂੰ ਸਫਲ ਬਣਾਉਣ, ਕਿਉਂਕਿ ਇਹੀ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ। ਲਾਕਡਾਊਨ ਦੇ ਦੌਰਾਨ ਕੋਰੋਨਾ ਦੀ ਬਿਮਾਰੀ ਦੇ ਨਾਲ ਹੀ ਬੇਰੁਜ਼ਗਾਰੀ ਕਾਰਨ ਦਿੱਲੀ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਉੱਤਰ, ਪ੍ਰਦੇਸ਼, ਬਿਹਾਰ ਤੇ ਹੋਰ ਰਾਜਾਂ ਨੂੰ ਚੱਲ ਪਏ ਸਨ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਛੱਡ ਕੇ ਜਾ ਰਹੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੇ ਥਾਂ ਟਿਕੇ ਰਹਿਣ, ਉਨ੍ਹਾਂ ਲਈ ਖਾਣੇ ਤੇ ਰਿਹਾਇਸ਼ ਸਮੇਤ ਸਾਰੇ ਪ੍ਰਬੰਧ ਦਿੱਲੀ ਸਰਕਾਰ ਕਰੇਗੀ।

ਅੱਜ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਿੱਥੇ ਹਨ, ਓਥੇ ਰਹਿਣ। ਉਨ੍ਹਾਂ ਕਿਹਾ ਕਿ ਜੇ ਇਸ ਤਰ੍ਹਾਂ ਜਾਂਦਿਆਂ ਇਹ ਬਿਮਾਰੀ ਦੋ-ਚਾਰ ਜਣਿਆਂ ਨੂੰ ਹੋ ਗਈ ਤਾਂ ਸਭ ਦਾ ਨੁਕਸਾਨ ਹੋਵੇਗਾ। ਜੇ ਇਹ ਦੇਸ਼ ਵਿੱਚ ਫੈਲ ਗਈ ਤਾਂ ਸੰਭਾਲ ਸਕਣਾ ਔਖਾ ਹੋਵੇਗਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕਈ ਸਕੂਲ ਤੇ ਸਟੇਡੀਅਮ ਖਾਲੀ ਕਰਵਾ ਲਏ ਹਨ, ਓਥੇ ਸਾਰਿਆਂ ਨੂੰ ਰੱਖਾਂਗੇ ਤੇ ਖਾਣਾ ਖਵਾਵਾਂਗੇ। ਜਿਨ੍ਹਾਂ ਕੋਲ ਪੈਸਾ ਨਹੀਂ, ਉਨ੍ਹਾਂ ਨੂੰ ਪਰੇਸ਼ਾਨੀ ਨਹੀਂ ਹੋਵੇਗੀ, ਕਿਸੇ ਨੂੰ ਭੁੱਖਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਨੇ ਮੇਰੀ ਸਾਰੇ ਮਕਾਨ ਮਾਲਕਾਂ ਨੂੰ ਅਪੀਲ ਹੈ ਕਿ ਕਿਰਾਏਦਾਰ ਨੂੰ ਪਰੇਸ਼ਾਨ ਨਾ ਕਰਨ। ਜੇ ਕੋਈ ਕਿਰ-ਾਏਦਾਰ ਪੈਸਾ ਨਾ ਦੇ ਸਕੇ ਤਾਂ ਉਸ ਦਾ ਪੈਸਾ ਸਰਕਾਰ ਦੇਵੇਗੀ। ਕੇਜਰੀਵਾਲ ਨੇ ਆਪਣੀ ਪਾਰਟੀ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਇਹ ਸਮਾਂ ਰਾਜਨੀਤੀ ਦਾ ਨਹੀਂ, ਕੋਈ ਤੁਹਾਨੂੰ ਗਾਲ੍ਹ ਵੀ ਕੱਢਦਾ ਹੈ ਤਾਂ ਉਸ ਨੂੰ ਭੁੱਲ ਜਾਓ ਅਤੇ ਅੱਗੇ ਵਧ ਕੇ ਮਹਾਮਾਰੀ ਦੇ ਮੁਕਾਬਲੇ ਲਈ ਕੰਮ ਕਰਦੇ ਰਹੋ।

# ਪੰਜਾਬ ਸਰਕਾਰ ਵੱਲੋਂ ਚਿਤਾਵਨੀ: ਭਾਰਤ ਆਏ ਐੱਨ ਆਰ ਆਈਜ਼ ਨੇ ਆਪਣੀ ਜਾਣਕਾਰੀ ਨਾ ਦਿੱਤੀ ਤਾਂ ਪਾਸਪੋਰਟ ਰੱਦ ਹੋਵੇਗਾ

ਚੰਡੀਗੜ੍ਹ, 29 ਮਾਰਚ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਜਨਵਰੀ ਤੋਂ ਪਿੱਛੋਂ ਦੇਸ਼ ਵਿੱਚ ਆਏ ਐੱਨ ਆਰ ਆਈਜ਼ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਨੇ ਆਪਣੇ ਏਥੇ ਆਉਣ ਦੀ ਜਾਣਕਾਰੀ ਸਬੰਧਤ ਜ਼ਿਲ੍ਹਾ ਅਧਿਕਾਰੀਆਂ ਨੂੰ ਨਾ ਦਿੱਤੀ ਤਾਂ ਸਰਕਾਰ ਉਨ੍ਹਾਂ ਦੇ ਪਾਸ-ਪੋਰਟ ਰੱਦ ਕਰਨ ਉੱਤੇ ਵਿਚਾਰ ਕਰੇਗੀ।

ਐਡੀਸ਼ਨਲ ਚੀਫ ਸੈਕਟਰੀ ਸਤੀਸ਼ ਚੰਦਰ ਨੇ ਅੱਜ ਏਥੇ ਦੱਸਿਆ ਕਿ ਸਰਕਾਰ ਦੇ ਕਹਿਣ ਦੇ ਬਾਵਜੂਦ ਵਿਦੇਸ਼ ਤੋਂ ਆਏ ਲੋਕ ਆਪਣੇ ਬਾਰੇ ਜਾਣਕਾਰੀ ਨਹੀਂ ਦੇ ਰਹੇ। ਉਨ੍ਹਾਂ ਦਾ ਲੋਕਾਂ ਵਿੱਚ ਘੁੰਮਣਾ ਖ਼ਤਰਨਾਕ ਹੋ ਸਕਦਾ ਹੈ। ਮੁੱਖ ਮੰਤਰੀ ਨੇ ਸਾਰੇ ਪਿੰਡਾਂ ਦੇ ਸਰਪੰਚਾਂ ਨੂੰ ਕਿਹਾ ਹੈ ਕਿ ਉਹ ਆਪਣੇ ਪਿੰਡ ਵਿਚਲੇ ਪਰਵਾਸੀ ਭਾਰਤੀਆਂ ਦੀ ਜਾਣਕਾਰੀ ਦੇਣ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਬੀਤੇ ਸ਼ੁੱਕਰਵਾਰ 56000 ਤੋਂ ਵੱਧ ਵਿਦੇਸ਼ ਤੋਂ ਆਏ ਲੋਕਾਂ ਦੀ ਜ਼ਿਲ੍ਹਾ ਵਾਰ ਸੂਚੀ ਭੇਜੀ ਸੀ। ਇਨ੍ਹਾਂ ਵਿਚੋਂ ਲਗਪਗ 30000 ਨੂੰ ਰਾਜ ਸਰਕਾਰ ਹਾਲੇ ਵੀ ਲੱਭ ਰਹੀ ਹੈ।

ਇਸ ਦੌਰਾਨ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਕਹਿ ਚੁੱਕੇ ਹਨ ਕਿ ਵਿਦੇਸ਼ੋਂ ਮੁੜੇ 30000 ਲੋਕਾਂ ਨਾਲ ਸਿਹਤ ਵਿਭਾਗ ਦਾ ਹਾਲੇ ਤਕ ਸੰਪਰਕ ਨਹੀਂ ਹੋ ਸਕਿਆ। ਇਨ੍ਹਾਂ ਵਿਚ ਕੁਝ ਲੋਕਾਂ ਵਿਚ ਕੋਰੋਨਾ ਦੇ ਲੱਛਣ ਹੋ ਸਕਦੇ ਹਨ, ਪਰ ਉਹ ਜਾਣਕਾਰੀ ਲੁਕਾ ਰਹੇ ਹਨ। ਕੇਂਦਰ ਸਰਕਾਰ ਦੇ ਨਿਰਦੇਸ਼ ਹਨ ਕਿ ਰਾਜ ਸਰਕਾਰ ਸਖ਼ਤੀ ਨਾਲ ਪੇਸ਼ ਆਵੇ ਤੇ ਵਿਦੇਸ਼ ਤੋਂ ਆਏ ਸਾਰੇ ਲੋਕਾਂ ਦੀ ਤੁਰੰਤ ਸਕਰੀਨਿੰਗ ਕਰਾਈ ਜਾਵੇ। ਉਨ੍ਹਾਂ ਆਦੇਸ਼ ਦਿੱਤੇ ਹਨ ਕਿ ਸਰਪੰਚ ਨੂੰ ਆਪਣੇ ਪਿੰਡ ਤੇ ਪੰਚਾਇਤ ਦੇ ਘੇਰੇ ਵਿਚ 15 ਫਰਵਰੀ ਤੋਂ ਬਾਅਦ ਆਏ ਪਰਵਾਸੀ ਭਾਰਤੀਆਂ ਬਾਰੇ ਪ੍ਰਸ਼ਾਸਨ ਨੂੰ ਦੱਸਣਾ ਪਵੇਗਾ ਤਾਂ ਜੋ ਉਨ੍ਹਾਂ ਬਾਰੇ ਸਾਰੀ ਜਾਣਕਾਰੀ ਇਕੱਠੀ ਕੀਤੀ ਜਾ ਸਕੇ। ਪੰਜਾਬ ਵਿੱਚ ਕੋਰੋਨਾ ਦੇ 38 ਕੇਸ ਪਤਾ ਲੱਗ ਚੁੱਕੇ ਹਨ ਤੇ ਇੱਕ ਵਿਅਕਤੀ ਦੀ ਮੌਤ ਹੋਈ ਹੈ। ਸਭ ਤੋਂ ਵੱਧ ਕੋਰੋਨਾ ਪਾਜ਼ਿਟਿਵ ਮਰੀਜ਼ ਨਵਾਂ ਸ਼ਹਿਰ ਵਿੱਚ ਹਨ। ਇੱਥੇ ਬਹੁਤੇ ਲੋਕ ਕੋਰੋਨਾ ਨਾਲ ਮਰਨ ਵਾਲੇ ਬਲਦੇਵ ਸਿੰਘ ਦੇ ਸੰਪਰਕ ਵਿੱਚ ਆਏ ਸਨ। ਉਸ ਦੀ ਪਿਛਲੇ ਹਫ਼ਤੇ ਮੌਤ ਹੋ ਗਈ ਸੀ।







Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**
**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

**Toronto $179,000**
**6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

**Caledon $749,900**
**Old Church & Atchinson:** Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

**Mississauga $199,900**
**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Brampton $349,000**
Photo Not Available
**10635 Bramalea Rd J-4:** Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

**Brampton $249,000**
**373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**MISSISSAUGA $299,000**
Photo Not Available
**5380 Terry Fox Way 12:** Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

**Waterloo $399,000**
Photo Not Available
**Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Brampton $349,000**
Photo Not Available
**284 Orenda Dr 19:** Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

**Brampton $459,000**
**7800 Hurontario St 1 :** Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

**Barrie $769,000**
**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $499,000**
**15 Gateway Blvd:** Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

**Brampton $549,000**
**Clark & Bramalea:** Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

**Toronto $789,000**
**Warden And Steeles:** Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

**Mississauga $715,000**
**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਕੋਰੋਨਾ ਦੀ ਇੰਸਟੈਂਟ ਜਾਂਚ ਨਤੀਜਿਆਂ ਦੀ ਭਰੋਸੇਯੋਗਤਾ ਉੱਤੇ ਸਵਾਲ ਉਠਾਏ ਗਏ



ਮੈਡ੍ਰਿਡ, 29 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਜਾਂਚ ਦੇ ਪਿਛਲੇ ਦਿਨੀਂ ਵਿਕਸਤ ਦੋ ਢੰਗਾਂ ਤੋਂ ਜਿੱਥੇ ਕੁਝ ਸਿਆਸੀ ਆਗੂ ਉਤਸ਼ਾਹਿਤ ਹਨ, ਉਥੇ ਵਿਗਿਆਨਕਾਂ ਨੇ ਇਨ੍ਹਾਂ ਜਾਂਚ ਨਤੀਜਿਆਂ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਨ੍ਹਾਂ ਵਿੱਚ ਇੱਕ ਜਾਂਚ ਸੰਭਾਵਿਤ ਮਰੀਜ਼ ਦੀ ਨੱਕ ਤੋਂ ਲਏ ਗਏ ਤਰਲ ਨਮੂਨਿਆਂ ਅਤੇ ਦੂਜੀ ਜਾਂਚ ਸੂਈ ਦੀ ਨੋਕ ਉੱਤੇ ਲਏ ਗਏ ਖ਼ੂਨ ਦੇ ਨਮੂਨੇ 'ਤੇ ਆਧਾਰਤ ਹੈ।

ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਨਾਲ ਜੰਗ ਲੜ ਰਹੇ ਸਪੇਨ ਵਿੱਚ ਸਾਧਨਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਪਿਛਲੇ ਦਿਨੀਂ ਵਿਕਸਿਤ ਕੀਤੇ ਗਏ ਅਤੇ ਨੱਕ-ਗਲੇ ਤੋਂ ਲਏ ਗਏ ਤਰਲ ਨਮੂਨੇ ਅਤੇ ਸੂਈ ਦੀ ਨੋਕ 'ਤੇ ਲਏ ਗਏ ਖ਼ੂਨ ਦੇ ਨਮੂਨਿਆਂ ਤੋਂ ਤੁਰੰਤ ਜਾਂਚ ਨੇ ਵੱਡੀ ਆਸਬੰਨ੍ਹਾਈ ਸੀ। ਇਹ ਜਾਂਚ ਕਿੱਟਾ ਵੀ ਲੋੜੀਂਦੀ ਮਾਤਰਾ ਵਿੱਚ ਮੌਜੂਦ ਨਹੀਂ ਤੇ ਇਨ੍ਹਾਂ ਵਿੱਚੋਂ ਵੀ ਕਈ ਭਰੋਸੇਯੋਗ ਨਹੀਂ ਹਨ।ਸਪੇਨ ਦੇ ਸਿਹਤ ਮੰਤਰੀ ਨੇ ਕਿਹਾ ਕਿ ਬਾਜ਼ਾਰ ਵਿੱਚ ਹਫੜਾ-ਤਫੜੀ ਮਚੀ ਹੈ। ਉਨ੍ਹਾਂ ਨੇ ਦੇਸ਼ ਵਿੱਚ ਫੇਸ ਮਾਸਕ, ਸੁਰੱਖਿਆ ਯੰਤਰ ਤੇ ਤੁਰੰਤ ਜਾਂਚ ਦੀ ਕਿੱਟ ਨਾ ਮਿਲਣ 'ਤੇ ਅਫ਼ਸੋਸ ਪ੍ਰਗਟ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਸੰਕਟ ਦੇ ਸਮੇਂ ਹਰ ਕਿਸੇ ਨੂੰ ਇਨ੍ਹਾਂ ਦੀ ਲੋੜ ਹੈ ਅਤੇ ਸਾਰੇ ਚੰਗੀ ਗੁਣਵੱਤਾ ਵੀ ਚਾਹੁੰਦੇ ਹਨ। ਦੇਸ਼ ਵਿੱਚ ਇਸ ਸਮੇਂ ਮੌਜੂਦ ਤੁਰੰਤ ਜਾਂਚ ਵਾਲੇ ਐਂਟੀਜੈਨ ਟੈਸਟ ਕਿੱਟਾਂ ਵਿੱਚੋਂ ਸਾਰੇ ਚੰਗੀ ਗੁਣਵੱਤਾ ਵਾਲੇ ਨਹੀਂ। ਸਪੇਨ ਸਰਕਾਰ ਨੇ ਇੱਕ ਕੰਪਨੀ ਨੂੰ ਨੌਂ ਹਜ਼ਾਰ ਕਿੱਟਾਂ ਵਾਪਸ ਕੀਤੀਆਂ ਹਨ ਜਿਨ੍ਹਾਂ ਦੇ ਨਤੀਜੇ ਭਰੋਸੇਯੋਗ ਨਹੀਂ ਸਨ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਤੁਰੰਤ ਜਾਂਚ ਕਿੱਟ ਨੂੰ ਗੇਮ ਚੇਂਜਰ ਦੱਸਦੇ ਹੋਏ 34 ਲੱਖ ਕਿੱਟਾਂ ਦਾ ਆਰਡਰ ਦੇ ਦਿੱਤਾ ਹੈ। ਉਨ੍ਹਾਂ ਦੇ ਕਹਿਣ ਅਨੁਸਾਰ ਤੁਰੰਤ ਜਾਂਚ ਦੇ ਇਨ੍ਹਾਂ ਟੈਸਟਾਂ ਨਾਲ ਫੌਰਨ ਪਤਾ ਚੱਲ ਜਾਏਗਾ ਕਿ ਕੌਣ ਇਸ ਵਾਇਰਸ ਦੀ ਲਪੇਟ ਵਿੱਚ ਹੈ ਤੇ ਕੌਣ ਠੀਕ ਹੋ ਕੇ ਕੰਮ ਉੱਤੇ ਪਰਤ ਸਕਦਾ ਹੈ। ਇਨ੍ਹਾਂ ਆਸਾਨ ਟੈਸਟਾਂ ਤੋਂ ਸਿਹਤ ਵਿਭਾਗ ਦੇ ਉਹ ਕਰਮਚਾਰੀ ਜਲਦੀ ਕੰਮ 'ਤੇ ਪਰਤ ਸਕਣਗੇ ਜਿਨ੍ਹਾਂ ਨੇ ਬਿਮਾਰੀ ਦੀ ਸ਼ੱਕ ਕਾਰਨ ਖ਼ੁਦ ਨੂੰ ਘਰਾਂ ਵਿੱਚ ਬੰਦ ਕਰ ਰੱਖਿਆ ਹੈ। ਕਈ ਵਿਗਿਆਨਕਾਂ ਨੂੰ ਇਨ੍ਹਾਂ ਟੈਸਟ ਕਿੱਟਾਂ 'ਤੇ ਭਰੋਸਾ ਨਹੀਂ ਹੋ ਰਿਹਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਏਨੀ ਜਲਦੀ ਸਹੀ ਜਾਂਚ ਦੇ ਨਤੀਜੇ ਨਹੀਂਮਿਲ ਸਕਦੇ। ਪਿਛਲੇ ਕਈ ਮਹੀਨਿਆਂ ਤੋਂ ਜਾਂਚ ਦਾ ਜੋ ਤਰੀਕਾ ਪ੍ਰਚਲਿਤ ਹੈ, ਉਸ ਵਿੱਚ ਮਰੀਜ਼ ਦੇ ਗਲ਼ੇ ਅਤੇ ਨੱਕ ਤੋਂ ਰੂੰ ਨਾਲ ਤਰਲ ਨਮੂਨਾ ਲਿਆ ਜਾਂਦਾ ਹੈ ਜਿਸ ਵਿੱਚ ਜ਼ਿੰਦਾ ਵਾਇਰਸ ਹੋਣ। ਇਨ੍ਹਾਂ ਨਮੂਨਿਆਂ ਦੀਆਂ ਅਣਗਿਣਤ ਕਾਪੀਆਂ ਬਣਾਈਆਂ ਜਾਂਦੀਆਂ ਹਨ ਜਿਨ੍ਹਾਂ ਦਾ ਕੰਪਿਊਟਰ ਨਾਲ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਕੰਮ ਵਿੱਚ ਕਈ-ਕਈ ਦਿਨ ਲੱਗ ਜਾਂਦੇ ਹਨ।

# 'ਦੋ ਦਿਨਾਂ ਤੋਂ ਭੁੱਖਾ' ਕਹਿ ਕੇ ਫੋਨ ਕੀਤਾ, ਭੇਦ ਖੁੱਲ੍ਹਣ ਉੱਤੇ ਮਾਫੀ ਮੰਗ ਲਈ

ਜਲੰਧਰ, 29 ਮਾਰਚ (ਪੋਸਟ ਬਿਊਰੋ)- ਚਾਰ ਦਿਨਾਂ ਤੋਂ ਪਰਵਾਰ ਨੂੰ ਖਾਣਾ ਨਾ ਮਿਲਣ ਸਬੰਧੀ ਝੂਠ ਬੋਲ ਕੇ ਪ੍ਰਸ਼ਾਸਨ ਨੂੰ ਗੁੰਮਰਾਹ ਕਰਨ ਵਾਲੇ ਪਿੰਡ ਬੜਿੰਗ ਦੇ ਇੱਕ ਵਿਅਕਤੀ ਦਾ ਥਾਣਾ ਕੈਂਟ ਦੀ ਪੁਲਸ ਨੇ ਪਰਦਾਫਾਸ਼ ਕੀਤਾ ਹੈ।

ਏ ਸੀ ਪੀ ਜਲੰਧਰ ਕੈਂਟ ਮੇਜਰ ਸਿੰਘ ਢੱਡਾ ਨੇ ਦੱਸਿਆ ਕਿ ਬੜਿੰਗ ਦੇ ਵਾਸੀ ਵਿਲੀਅਮ ਪੁੱਤਰ ਚੰਨਣ ਰਾਮ ਨੇ ਪ੍ਰਸ਼ਾਸਨ ਨੂੰ ਫੋਨ ਕਰ ਕੇ ਕਿਹਾ ਕਿ ਕੋਰੋਨਾ ਵਾਇਰਸ ਦੇ ਕਾਰਨ ਜਦੋਂ ਤੋਂ ਕਰਫਿਊ ਲੱਗਾ ਹੈ, ਉਦੋਂ ਤੋਂ ਉਸ ਦੇ ਪਰਵਾਰ ਨੂੰ ਖਾਣ ਲਈ ਕੁਝ ਨਹੀਂ ਮਿਲਿਆ, ਪੂਰਾ ਪਰਵਾਰ ਚਾਰ ਦਿਨਾਂ ਤੋਂ ਭੁੱਖਾ ਹੈ। ਪੁਲਸ ਨੇ ਇਹਕੇਸ ਗੰਭੀਰਤਾ ਨਾਲ ਲਿਆ ਤੇ ਥਾਣਾ ਕੈਂਟ ਦੇ ਐਸ ਐਚ ਓ ਰਾਮਪਾਲ ਨੂੰ ਜਾਂਚ ਸੌਂਪੀ ਗਈ। ਉਹ ਬਿਨਾਂ ਦੱਸੇ ਵਿਲੀਅਮ ਦੇ ਘਰ ਪੁੱਜੇ ਤਾਂ ਉਥੇ ਦੇਖਣ ਨੂੰ ਮਿਲਿਆ ਕਿ ਉਸ ਦੀ ਪਤਨੀ ਕਿਚਨ 'ਚ ਗੈਸ ਉੱਤੇ ਖਾਣਾ ਬਣਾ ਰਹੀ ਸੀ। ਇਹੀ ਨਹੀਂ ਤਿੰਨ ਗੈਸ ਸਿਲੰਡਰ ਵੀ ਪਏ ਸਨ। ਘਰ ਵਿੱਚ ਪਾਲਕ-ਪਨੀਰ ਦੀ ਸਬਜ਼ੀ ਬਣੀ ਹੋਈ ਸੀ ਅਤੇ ਗੋਭੀ ਕੱਟਣ ਲਈ ਫਰਿੱਜ 'ਚ ਰੱਖੀ ਹੋਈ ਸੀ।ਕਿਚਨ 'ਚ ਆਲੂ-ਪਿਆਜ਼, ਸਾਰੀਆਂ ਦਾਲਾਂ ਅਤੇ ਦੁੱਧ-ਦਹੀਂ ਤੋਂ ਇਲਾਵਾ ਖਾਣ-ਪੀਣ ਦੀ ਹਰ ਚੀਜ਼ ਮੌਜੂਦ ਸੀ। ਪੂਰੀ ਜਾਂਚ ਤੋਂ ਬਾਅਦ ਵਿਲੀਅਮ ਨੂੰ ਐਸ ਐਚ ਓ ਰਾਮਪਾਲ ਥਾਣਾ ਕੈਂਟ ਲੈ ਆਏ, ਜਿੱਥੇ ਉਸ ਨੇ ਮੁਆਫੀ ਮੰਗ ਕੇ ਜਾਨ ਛੁਡਾਉਣ ਦੀ ਕੋਸ਼ਿਸ਼ ਕੀਤੀ, ਪਰ ਐਸ ਐਚ ਓ ਨੇ ਸਾਰੇ ਕੇਸ ਬਾਰ ਏ ਸੀ ਪੀ ਮੇਜਰ ਸਿੰਘ ਢੱਡਾ ਸਮੇਤ ਸਾਰੇ ਉਚ ਅਧਿਕਾਰੀਆਂ ਦੇ ਧਿਆਨ 'ਚ ਲਿਆਂਦਾ ਅਤੇ ਉਨ੍ਹਾਂ ਦੇ ਕਹਿਣ 'ਤੇ ਵਿਲੀਅਮ ਨੂੰ ਬਿਨਾਂ ਕੋਈ ਕਾਨੂੰਨੀ ਕਾਰਵਾਈ ਕੀਤੇ ਚਿਤਵਾਨੀ ਦੇ ਕੇ ਛੱਡ ਦਿੱਤਾ ਗਿਆ। ਇਸ ਤੋਂ ਪਹਿਲਾਂ ਕੈਂਟ ਪੁਲਸ ਉਸ 'ਤੇ ਕੇਸ ਦਰਜ ਕਰਨ ਦੀ ਪੂਰੀ ਤਿਆਰੀ ਵਿੱਚ ਸੀ।

# ਜਲੰਧਰ ਦਾ ਵਿਧਾਇਕ ਲੈਟਰਪੈਡ 'ਤੇ ਕਰਫਿਊ ਪਾਸ ਦਿੰਦਾ ਰਿਹਾ



ਜਲੰਧਰ, 29 ਮਾਰਚ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਕਰਫਿਊ ਦੇ ਦੌਰਾਨ ਜ਼ਰੂਰੀ ਸਾਮਾਨ ਦੀ ਸਪਲਾਈ ਨਾ ਹੋਣ ਕਾਰਨ ਆਮ ਲੋਕ ਪਰੇਸ਼ਾਨ ਹਨ ਅਤੇ ਇਸ ਨੂੰ ਲੈ ਕੇ ਲੋਕਾਂ ਦੀ ਮੰਗ ਅਤੇ ਪਰੇਸ਼ਾਨੀ ਦਾ ਦਬਾਅ ਕੌਂਸਲਰ ਤੋਂ ਲੈ ਕੇ ਵਿਧਾਇਕਾਂ ਤੱਕ ਉੱਤੇ ਪੈਣ ਲੱਗਾ ਹੈ। ਇਸ ਦੌਰਾਨ ਪੰਜਾਬ ਕਾਂਗਰਸ ਆਪਣੇ ਐਮ ਐਲ ਏ ਕੋਲੋਂ ਪ੍ਰਸ਼ਾਸਨ ਦੇ ਸਹਿਯੋਗ ਅਤੇ ਲੋਕਾਂ ਦੀ ਪਰੇਸ਼ਾਨੀ ਬਾਰੇ ਫੀਡਬੈਕ ਲੈ ਰਹੀ ਹੈ, ਜਿਸ ਵਿੱਚ ਸਿਟੀ ਦੇ ਚਾਰੇ ਐਮ ਐਲ ਏਜ਼ ਵੱਲੋਂ ਡੀ ਸੀ ਅਤੇ ਐਸ ਡੀ ਐਮ ਪੱਧਰ ਉੱਤੇ ਸੁਣਵਾਈ ਨਾ ਹੋਣ ਦੀ ਗੱਲ ਕਹੀ ਗਈ ਹੈ।

ਦੱਸਿਆ ਗਿਆ ਹੈ ਕਿ ਐਮ ਐਲ ਏਜ਼ ਦੀ ਫੀਡਬੈਕ ਦੇ ਬਾਅਦ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਫਿਟਕਾਰ ਲਾਈ ਗਈ ਤਾਂ ਇਸ ਦੇ ਬਾਅਦ ਅਫਰਾ-ਤਫਰੀ ਵਿੱਚ ਕੱਲ੍ਹ ਸ਼ਾਮ ਐਮ ਐਲ ਏ ਵੱਲੋਂਕਰਫਿਊ ਪਾਸ ਮਿਲਣ ਦੇ ਨਾਲ ਹੀ ਸਾਰੇ 80 ਵਾਰਡਾਂ ਵਿੱਚ 5-5 ਵਾਲੰਟੀਅਰਜ਼ ਨੂੰ ਇਹ ਪੱਤਰ ਜਾਰੀ ਕਰ ਦਿੱਤੇ ਗਏ। ਇਹੀ ਨਹੀਂ, ਦੁਪਹਿਰ ਤੱਕ ਐਮ ਐਲ ਏਦਾ ਫੋਨ ਨਾ ਸੁਣਨ ਵਾਲੇ ਐਸ ਡੀ ਐਮ ਇਸ ਦੇ ਬਾਅਦ ਫੋਨ ਕਰ ਕੇ ਕਾਰਡ ਲੈ ਜਾਣ ਨੂੰ ਕਹਿ ਰਹੇ ਹਨ। ਸੈਂਟਰਲ ਹਲਕੇ ਦੇ ਐਮ ਐਲ ਏ ਰਾਜਿੰਦਰ ਬੇਰੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਅਤੇ ਐਸ ਡੀ ਐਮ ਦੇ ਵਰਤਾਉ ਤੋਂ ਦੁਖੀ ਲੋਕ ਉਨ੍ਹਾਂ ਦੇ ਦਫ਼ਤਰ ਪਹੁੰਚ ਰਹੇ ਹਨ। ਪ੍ਰਸ਼ਾਸਨ ਸੁਣਵਾਈ ਨਹੀਂ ਕਰ ਰਿਹਾ। ਇਸ ਹਾਲ ਵਿੱਚ ਉਹ ਆਪਣੇ ਲੈਟਰਪੈਡ 'ਤੇ ਚਿੱਠੀ ਲਿਖ ਕੇ ਦਿੰਦੇ ਹਨ, ਤਾਂਕਿ ਪੁਲਸ ਉਨ੍ਹਾਂ ਨੂੰ ਪਰੇਸ਼ਾਨ ਨਾ ਕਰੇ। ਵਿਧਾਇਕ ਰਾਜਿੰਦਰ ਬੇਰੀ ਦੇ ਦਫ਼ਤਰ ਸੈਕਟਰੀ ਰਵਿੰਦਰ ਰਵੀ ਨੇ ਦੱਸਿਆ ਕਿ ਅੱਜ ਤੱਕ 120 ਲੋਕਾਂ ਨੂੰ ਅਜਿਹੀ ਚਿੱਠੀ ਜਾਰੀ ਕੀਤੀ ਗਈ ਹੈ, ਜੋ ਕਾਰਡ ਦੇ ਲਈ ਕਈ ਦਿਨਾਂ ਤੋਂ ਡੀ ਸੀ ਅਤੇ ਐਸ ਡੀ ਐਮ ਦਫ਼ਤਰ ਦੇ ਚੱਕਰ ਲਗਾ ਰਹੇ ਹਨ।


NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਜ਼ੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ

132" 88" 8 Seated Sofa
ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants

Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋਂ ਬਾਅਦ

BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cyclist ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ। ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca




ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install Garage Door Openers
• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਨੌਜਵਾਨਾਂ ਤੇ ਸੀਨੀਅਰਜ਼ ਦੀ ਮਦਦ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ : ਟਰੂਡੋ

...ਪੰਨਾ 1 ਦਾ ਬਾਕੀ

ਔਰਤਾਂ ਲਈ ਬਣੇ ਆਸਰਿਆਂ, ਜਿਨਸੀ ਹਮਲਿਆਂ ਤੋਂ ਪੀੜਤ ਔਰਤਾਂ ਲਈ ਬਣੇ ਸੈਂਟਰਾਂ, ਮੂਲਵਾਸੀ ਕਮਿਊਨਿਟੀਜ਼ ਵਿੱਚ ਬਣੀਆਂ ਫੈਸਿਲਿਟੀਜ਼ ਲਈ, ਆਊਟਬ੍ਰੇਕ ਨੂੰ ਮੈਨੇਜ ਕਰਨ ਜਾਂ ਰੋਕਣ ਦੀ ਉਨ੍ਹਾਂ ਦੀ ਸਮਰੱਥਾ ਲਈ ਸਰਕਾਰ ਵੱਲੋਂ 50 ਮਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਗਿਆ ਹੈ।

- ਬੱਚਿਆਂ ਤੇ ਨੌਜਵਾਨਾਂ ਨੂੰ ਕਾਊਂਸਲਿੰਗ ਸਰਵਿਸਿਜ਼ ਦਿੱਤੀਆਂ ਜਾਣਗੀਆਂ। ਸਕੂਲਾਂ ਦੇ ਬੰਦ ਹੋਣ ਕਾਰਨ ਤੇ ਕਮਿਊਨਿਟੀ ਵਸੀਲਿਆਂ ਤੱਕ ਪਹੁੰਚ ਘਟਣ ਕਾਰਨ ਕਿਡਜ਼ ਹੈਲਪ ਫੋਨ 24/7 ਕਾਨਫੀਡੈਂਸ਼ੀਲ ਆਨਲਾਈਨ,ਟੈਲੀਫੋਨ ਤੇ ਟੈਕਸਟ ਕਾਊਂਸਲਿੰਗ ਸਰਵਿਸਿਜ਼ ਦੀ ਮੰਗ ਵੀ ਕੈਨੇਡਾ ਭਰ ਵਿੱਚ ਵਧੀ ਹੈ। ਕੈਨੇਡਾ ਸਰਕਾਰ ਇਸ ਔਖੀ ਘੜੀ ਵਿੱਚ ਮਾਨਸਿਕ ਸਿਹਤ ਸਪੋਰਟ ਲਈ ਕਿਡਜ਼ ਹੈਲਪ ਫੋਨ ਵਾਸਤੇ 7.5 ਮਿਲੀਅਨ ਡਾਲਰ ਦੇਵੇਗੀ।
- ਕੋਵਿਡ-19 ਤੋਂ ਪ੍ਰਭਾਵਿਤ ਕੈਨੇਡੀਅਨ ਸੀਨੀਅਰਜ਼ ਲਈ ਜ਼ਰੂਰੀ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਕੈਨੇਡਾ ਦੇ ਸੀਨੀਅਰਜ਼ ਨੂੰ ਪ੍ਰੈਕਟੀਕਲ ਸੇਵਾਵਾਂ ਮੁਹੱਈਆ ਕਰਵਾਉਣ ਲਈ ਲੋਕਲ ਆਰਗੇਨਾਈਜ਼ੇਸ਼ਨਜ਼ ਲਈ ਯੂਨਾਈਟਿਡ ਵੇਅ ਕੈਨੇਡਾ ਰਾਹੀਂ ਕੈਨੇਡਾ ਸਰਕਾਰ 9 ਮਿਲੀਅਨ ਡਾਲਰ ਦਾ ਯੋਗਦਾਨ ਪਾਵੇਗੀ। ਇਨ੍ਹਾਂ ਸੇਵਾਵਾਂ ਵਿੱਚ ਗਰੌਸਰੀਜ਼, ਦਵਾਈਆਂ ਤੇ ਹੋਰ ਲੋੜੀਂਦੀਆਂ ਵਸਤਾਂ ਜਾਂ ਵਿਅਕਤੀ ਵਿਸ਼ੇਸ਼ ਦੀਆਂ ਲੋੜਾਂ ਲਈ ਪਰਸਨਲ ਆਊਟਰੀਚ ਤੇ ਉਨ੍ਹਾਂ ਨੂੰ ਕਮਿਊਨਿਟੀ ਦੀ ਮਦਦ ਨਾਲ ਜੋੜਨ ਲਈ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸੇਵਾਵਾਂ ਸ਼ਾਮਲ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਅਮਰੀਕਾ ਵਿੱਚ ਕੋਰੋਨਾ ਦਾ ਖ਼ਤਰਾ ਫੈਲਾਉਣ ਵਾਲੇ ਅੱਤਵਾਦੀ ਮੰਨੇ ਜਾਣਗੇ

*** ਉਮਰ ਕੈਦ ਤਕ ਦੀ ਸਜ਼ਾ ਦੀ ਵਿਵਸਥਾ**

ਵਾਸ਼ਿੰਗਟਨ, 29 ਮਾਰਚ, (ਪੋਸਟ ਬਿਊਰੋ)- ਅਮਰੀਕਾ ਵਿੱਚ ਕੋਰੋਨਾ ਵਾਇਰਸ ਨਾਲ ਨਜਿੱਠਣ ਲਈ ਬਣੇ ਨਵੇਂ ਨਿਯਮਾਂ ਦੀ ਅਣਦੇਖੀ ਕਰਨ ਵਾਲੇ ਲੋਕਾਂ ਉੱਤੇ ਨਿਆਂ ਵਿਭਾਗ ਹੋਰ ਸਖ਼ਤ ਹੋ ਗਿਆ ਹੈ। ਨਵੇਂ ਹੁਕਮ ਹੇਠ ਕੋਰੋਨਾ ਵਾਇਰਸ ਦਾ ਖ਼ਤਰਾ ਦੂਸਰਿਆਂ ਤਕ ਪੁਚਾਉਣ ਵਾਲਿਆਂ ਨੂੰ ਅੱਗੇ ਤੋਂ ਅੱਤਵਾਦੀ ਸਮਝਿਆ ਜਾਵੇਗਾ।

ਖਬਰ ਏਜੰਸੀ ਦੇ ਮੁਤਾਬਕ ਡਿਪਟੀ ਐਟਾਰਨੀ ਜਨਰਲ ਜੈਫਰੀ ਰੋਸੇਨ ਨੇ ਕਿਹਾ ਹੈ ਕਿ ਇਹ ਵਾਇਰਸ ਫੈਲਾਉਣ ਵਾਲੇ ਲੋਕਾਂ ਉੱਤੇ ਅੱਤਵਾਦੀ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਕੀਤੀ ਜਾਵੇਗੀ ਤੇ ਮੰਨਿਆ ਜਾਵੇਗਾ ਕਿ ਉਸ ਨੇ ਹੋਰ ਲੋਕਾਂ ਨੂੰ ਪ੍ਰਭਾਵਤ ਕਰਨ ਦਾ ਕੰਮ ਜਾਣਬੁਝ ਕੇ ਕੀਤਾ ਹੈ। ਨਵੇਂ ਨਿਯਮ ਤਹਿਤ ਦੋਸ਼ ਸਿੱਧ ਹੋਣ ਉੱਤੇ ਉਮਰ ਕੈਦ ਤਕ ਦੀ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਇਕ ਲਿਖਤੀ ਹੁਕਮ ਮੁਤਾਬਕ ਅਜਿਹਾ ਕਰਨ ਵਾਲਿਆਂ ਨੂੰ ਬਾਇਓਲੌਜੀਕਲ ਏਜੰਟ ਮੰਨਿਆ ਜਾਵੇਗਾ। ਨਿਆਂ ਵਿਭਾਗ ਹੇਠ ਆਉਂਦੀਆਂ ਸਭ ਏਜੰਸੀਆਂ ਨੂੰ ਹੁਕਮ ਜਾਰੀ ਕੀਤਾ ਗਿਆ ਹੈ ਕਿ ਏਦਾਂ ਦੇ ਕਿਸੇ ਵੀ ਵਿਅਕਤੀ ਨੂੰ ਦੇਸ਼ ਵਿਚ ਅੱਤਵਾਦ ਫੈਲਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਅਮਰੀਕਾ ਵਿੱਚ ਕੋਰੋਨਾ ਵਾਇਰਸ ਦੀ ਮਾਰ ਹੇਠ ਇਸ ਵੇਲੇ ਤਕ ਇੱਕ ਲੱਖ ਤੋਂ ਵੱਧ ਲੋਕ ਆ ਚੁੱਕੇ ਹਨ ਅਤੇ ਡੇਢ ਹਜ਼ਾਰ ਲੋਕਾਂ ਦੀ ਮੌਤ ਇਸ ਨਾਲ ਹੋ ਚੁੱਕੀ ਹੈ। ਸਰਕਾਰ ਇਸ ਬਾਰੇ ਗੰਭੀਰ ਹੈ, ਪਰ ਬੇਪਰਵਾਹ ਲੋਕ ਅਤੇ ਉਹ ਲੋਕ, ਜਿਹੜੇ ਜਾਣਬੁੱਝ ਕੇ ਹੋਰ ਲੋਕਾਂ ਨੂੰ ਇਸ ਦਾ ਸ਼ਿਕਾਰ ਬਣਾ ਰਹੇ ਹਨ, ਮੁਸ਼ਕਲਾਂ ਵਧਾ ਰਹੇ ਹਨ। ਅਮਰੀਕਾ ਵਿੱਚ ਕੁਝ ਥਾਵਾਂ ਉੱਤੇ ਥੋੜ੍ਹਾ ਲਾਕਡਾਊਨ ਹੈ, ਪਰ ਸਰਕਾਰ ਨੇ ਸੋਸ਼ਲ ਡਿਸਟੈਂਸਿੰਗ ਦਾ ਨਿਯਮ ਮੰਨਣ ਲਈ ਕਿਹਾ ਹੈ। ਫਿਰ ਵੀ ਲੋਕ ਇਸ ਨੂੰ ਨਹੀਂ ਮੰਨਦੇ। ਨਿਊਯਾਰਕ ਵਿੱਚ ਬੀਤੇ ਦਿਨ ਭੀੜ-ਭੜੱਕੇ ਦੀਆਂ ਤਸਵੀਰਾਂ ਵੇਖ ਕੇ ਨਿਯਮਾਂ ਨੂੰ ਹੋਰ ਸਖ਼ਤ ਕੀਤਾ ਗਿਆ, ਪਰ ਉਸ ਦਾ ਵੀ ਲੋਕਾਂ ਉੱਤੇ ਕੋਈ ਅਸਰ ਹੁੰਦਾ ਦਿਖਾਈ ਨਹੀਂ ਦੇ ਰਿਹਾ।

## ਮਨੀਲਾ ਏਅਰਪੋਰਟ ਉੱਤੇ ਜਹਾਜ਼ ਨੂੰ ਲੱਗੀ ਅੱਗ, 8 ਹਲਾਕ

...ਪੰਨਾ 1 ਦਾ ਬਾਕੀ

ਅੱਗ ਬੁਝਾਉਣ ਲਈ ਤੁਰੰਤ ਹੀ ਫਾਇਰ ਟਰੱਕਸ ਤੇ ਰੈਸਕਿਊ ਅਮਲਾ ਮੌਕੇ ਉੱਤੇ ਪਹੁੰਚੇ ਪਰ ਮੰਦਭਾਗੀ ਗੱਲ ਇਹ ਰਹੀ ਕਿ ਕੋਈ ਵੀ ਜਿਊਂਦਾ ਨਹੀਂ ਸੀ ਬਚਿਆ।

ਗਲੋਬਲ ਅਫੇਅਰਜ਼ ਕੈਨੇਡਾ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਕੈਨੇਡੀਅਨ ਪਰਿਵਾਰ ਨੂੰ ਆਪਣੀਆਂ ਕਾਊਂਸਲਰ ਸੇਵਾਵਾਂ ਦੇ ਰਹੀ ਹੈ। ਤਰਜ਼ਮਾਨ ਐਨਾਬੈਲ ਲਿੰਡਬਲੈਡ ਨੇ ਆਖਿਆ ਕਿ ਅਸੀਂ ਇਸ ਹਾਦਸੇ ਵਿੱਚ ਮਾਰੇ ਗਏ ਕੈਨੇਡੀਅਨ ਦੇ ਪਰਿਵਾਰ ਦੇ ਨਾਲ ਇਸ ਦੁੱਖ ਦੀ ਇਸ ਘੜੀ ਵਿੱਚ ਸ਼ਾਮਲ ਹਾਂ।

## ਮਲੇਸ਼ੀਆ ਵਿੱਚ ਰਾਜ ਮਹਿਲ ਦੇ ਸੱਤ ਕਰਮਚਾਰੀ ਕੋਰੋਨਾ ਪੀੜਤ

*** ਰਾਜਾ-ਰਾਣੀ ਨੇ ਖੁਦ ਨੂੰ ਵੱਖਰਾ ਰੱਖਣ ਦਾ ਫੈਸਲਾ ਲਿਆ**



ਕੁਆਲਾਲੰਪੁਰ, 29 ਮਾਰਚ (ਪੋਸਟ ਬਿਊਰੋ)- ਮਲੇਸ਼ੀਆ ਦੇ ਰਾਜ ਮਹਿਲ ਦੇ ਸੱਤ ਕਾਰਿੰਦੇ ਕੋਰੋਨਾ ਤੋਂ ਪ੍ਰਭਾਵਤ ਪਾਏ ਗਏ ਹਨ। ਇਸ ਦੇ ਬਾਅਦ ਸੁਲਤਾਨ ਅਬਦੁੱਲਾ ਸੁਲਤਾਨ ਅਹਿਮਦ ਸ਼ਾਹ ਅਤੇ ਉਨ੍ਹਾਂ ਦੀ ਪਤਨੀ ਤੂੰਕੂ ਅਜੀਜ਼ਾ ਮੈਮੁਨਾ ਇਸਕੰਦਰੀਆ ਨੇ ਖੁਦ ਨੂੰ ਵੱਖਰੇ ਰੱਖਣ ਦਾ ਫੈਸਲਾ ਲਿਆ ਹੈ।

ਮਹਿਲ ਦੇ ਬੁਲਾਰੇ ਨੇ ਦੱਸਿਆ ਕਿ ਸੱਤ ਮੁਲਾਜ਼ਮ ਮੰਗਲਵਾਰ ਨੂੰ ਹਸਪਤਾਲ ਵਿੱਚ ਭਰਤੀ ਕਰਵਾਏ ਗਏ ਸਨ ਤੇ ਸਿਹਤ ਅਧਿਕਾਰੀ ਇਸ ਗੱਲ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਵਾਇਰਸ ਕਿਹੜੇ ਸਰੋਤ ਤੋਂ ਫੈਲਿਆ ਹੈ। ਉਸ ਨੇ ਦੱਸਿਆ ਕਿ ਦੇਸ਼ ਦੇ ਰਾਜਾ ਸੁਲਤਾਨ ਅਬਦੁੱਲਾ ਸੁਲਤਾਨ ਅਹਿਮਦ ਸ਼ਾਹ ਤੇ ਰਾਣੀ ਦੀ ਵੀ ਜਾਂਚ ਕੀਤੀ ਗਈ ਅਤੇ ਦੋਵੇਂ ਪ੍ਰਭਾਵਤ ਪਾਏ ਗਏ ਹਨ। ਬੁਲਾਰੇ ਨੇ ਦੱਸਿਆ ਕਿ ਸ਼ਾਹੀ ਜੋੜੇ ਨੇ ਬੁੱਧਵਾਰ ਤੋਂ ਖੁਦ ਨੂੰ ਵੱਖਰੇ ਰੱਖਣ ਲਈ ਫੈਸਲਾ ਲਿਆ ਹੈ। ਇਸ ਦੌਰਾਨ ਮਹਿਲ ਨੂੰ ਵਾਇਰਸ ਮੁਕਤ ਕੀਤਾ ਜਾਵੇਗਾ। ਮਲੇਸ਼ੀਆ ਵਿੱਚ ਇਸ ਵਾਇਰਸ ਨਾਲ ਅੱਜ ਤੱਕ 21 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਕੁੱਲ 1,796 ਲੋਕ ਇਸ ਨਾਲ ਪ੍ਰਭਾਵਤ ਹਨ। ਦੇਸ਼ ਵਿੱਚ 14 ਅਪ੍ਰੈਲ ਤੱਕ ਦੇ ਲਈ ਲਾਕਡਾਊਨ ਐਲਾਨਿਆ ਗਿਆ ਹੈ।

## ਸ਼ਰਾਬ ਕਾਰੋਬਾਰੀ ਉੱਤੇ ਪ੍ਰੈੱਸ ਦਾ ਕਰਫਿਊ ਪਾਸ ਬਣਵਾਉਣ ਦਾ ਕੇਸ ਦਰਜ

*** ਡੀ ਪੀ ਆਰ ਓ ਵੱਲੋਂ ਸ਼ਿਕਾਇਤ, ਪੁਲਸ ਵੱਲੋਂ ਰੇਡ**

ਜਲੰਧਰ, 29 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਪੰਜਾਬ ਸਰਕਾਰ ਵੱਲੋਂ ਲਾਏ ਗਏ ਕਰਫਿਊ ਦੌਰਾਨ ਸ਼ਰਾਬ ਦੇ ਕਾਰੋਬਾਰੀ ਰਾਕੇਸ਼ ਸਹਿਗਲ ਨੇ ਗਲਤ ਜਾਣਕਾਰੀ ਦੇ ਕੇ ਕਿਸੇ ਤਰ੍ਹਾਂ ਪ੍ਰੈੱਸ ਕਰਫਿਊ ਪਾਸ ਬਣਵਾ ਲਿਆ ਹੈ। ਰਾਕੇਸ਼ ਸਹਿਗਲ ਨੂੰ ਰੌਕੀ ਸਹਿਗਲ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਖਾਂਬੜਾ ਦੇ ਸਹਿਗਲ ਫਾਰਮ ਹਾਊਸ ਵਿੱਚ ਰਹਿੰਦੇ ਰੌਕੀ ਸਹਿਗਲ ਦੇ ਖਿਲਾਫ ਥਾਣਾ ਡਿਵੀਜਨ ਨੰਬਰ-4 ਵਿੱਚ ਡੀ ਪੀ ਆਰ ਓ (ਜ਼ਿਲਾ ਪਬਲਿਕ ਰਿਲੇਸ਼ਨ ਅਫਸਰ) ਮਨਵਿੰਦਰ ਸਿੰਘ ਦੀ ਸ਼ਿਕਾਇਤ ਉੱਤੇ ਆਈ ਪੀ ਸੀ ਦੀ ਧਾਰਾ-177, 182, 188 ਅਤੇ 41119 ਦਾ ਕੇਸ ਦਰਜ ਕੀਤਾ ਗਿਆ ਹੈ। ਏ ਸੀ ਪੀ ਹਰਸਿਮਰਤ ਸਿੰਘ ਦਾ ਕਹਿਣਾ ਹੈ ਕਿ ਰਾਕੇਸ਼ ਸਹਿਗਲ ਦੀ ਤਲਾਸ਼ ਵਿੱਚ ਉਨ੍ਹਾਂ ਦੇ ਘਰ ਰੇਡ ਕੀਤੀ ਗਈ, ਪਰ ਉਹ ਫਰਾਰ ਹੋ ਚੁੱਕਾ ਹੈ। ਉਸ ਦੇ ਫੜੇ ਜਾਣ ਦੇ ਬਾਅਦ ਹੀ ਪਤਾ ਚਲੇਗਾ ਕਿ ਪ੍ਰੈੱਸ ਕਾਰਡ ਕਿਥੋਂ ਅਤੇ ਕਿਸ ਤਰੀਕੇ ਬਣਾਇਆ ਹੈ। ਡੀ ਪੀ ਆਰ ਓ ਮਨਵਿੰਦਰ ਸਿੰਘ ਦੇ ਕਹਿਣ ਮੁਤਾਬਕ ਵੱਖ-ਵੱਖ ਮੀਡੀਆ ਅਦਾਰਿਆਂ ਵੱਲੋਂ ਦਿੱਤੀ ਕਿਸੇ ਲਿਸਟ ਵਿੱਚ ਰਾਕੇਸ਼ ਸਹਿਗਲ ਦਾ ਨਾਮ ਨਹੀਂ ਹੈ ਤੇ ਨਾ ਉਨ੍ਹਾਂ ਦੇ ਦਫ਼ਤਰ ਤੋਂ ਇਸ ਨਾਮ ਦਾ ਕਾਰਡ ਜਾਰੀ ਹੋਇਆ ਹੈ। ਸੋਸ਼ਲ ਮੀਡੀਆ ਦੇ ਰਾਹੀਂ ਉਨ੍ਹਾਂ ਨੂੰ ਪਤਾ ਚਲਿਆ ਕਿ ਰਾਕੇਸ਼ ਸਹਿਗਲ ਦਾ ਕਰਫਿਊ ਦੌਰਾਨ ਕਵਰੇਜ਼ ਕਰਨ ਲਈ ਪ੍ਰੈੱਸ ਦਾ ਕਰਫਿਊ ਪਾਸ ਬਣਿਆ ਹੈ। ਉਨ੍ਹਾਂ ਨੇ ਅਜਿਹੇ ਕੋਈ ਕਾਰਡ ਜਾਰੀ ਨਹੀਂ ਕੀਤਾ। ਕਰਫਿਊ ਪ੍ਰੈੱਸ ਕਾਰਡ 'ਤੇ ਨਾਮ ਰਾਕੇਸ਼ ਸਹਿਗਲ ਲਿਖਿਆ ਹੋਇਆ ਅਤੇ ਉਨ੍ਹਾਂ ਦੀ ਫੋਟੋ ਹੈ। ਕੰਮ ਵਾਲੇ ਕਾਲਮ ਵਿੱਚ ਡਾਇਰੇਕਟਰ ਲਿਖਿਆ ਹੈ, ਮਗਰ ਉਹ ਕਿਸ ਮੀਡੀਆ ਸੰਸਥਾਨ ਵਿੱਚ ਡਾਇਰੈਕਟਰ ਹੈ, ਇਸ ਦਾ ਕੋਈ ਜ਼ਿਕਰ ਨਹੀਂ ਇਸ ਕਾਰਡ ਵਿੱਚ ਨਹੀਂ ਕੀਤਾ ਗਿਆ।

## ਜਿਨਪਿੰਗ ਵੱਲੋਂ ਟਰੰਪ ਨੂੰ ਕੋਰੋਨਾ ਬਾਰੇ ਰਲ ਕੇ ਲੜਨ ਦੀ ਪੇਸ਼ਕਸ਼



ਬੀਜਿੰਗ, 29 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਤਬਾਹੀ ਵੇਖ ਕੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਿਲ ਕੇ ਇਸ ਵਾਇਰਸ ਨਾਲ ਲੜਨ ਦਾ ਪ੍ਰਸਤਾਵ ਦਿੱਤਾ ਹੈ।

ਜਿਨਪਿੰਗ ਨੇ ਫੋਨ ਉੱਤੇ ਕਿਹਾ ਕਿ ਚੀਨ ਅਤੇ ਅਮਰੀਕਾ ਮਿਲ ਕੇ ਕੋਰੋਨਾ ਵਾਇਰਸ ਤੋਂ ਪੈਦਾ ਹੋਈ ਮਹਾਮਾਰੀ 'ਤੇ ਕਾਬੂ ਪਾ ਸਕਦੇ ਹਨ। ਉਨ੍ਹਾ ਨੇ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਪ੍ਰਗਤੀ ਦੀ ਵੀ ਲੋੜ ਪਗਟਾਈ ਹੈ। ਅਮਰੀਕਾ ਅਤੇ ਬਾਕੀ ਦੁਨੀਆ ਵਿੱਚ ਜਿਸ ਤਰ੍ਹਾਂ ਨਾਲ ਬੀਤੇ ਹਫ਼ਤਿਆਂ ਵਿੱਚ ਕੋਰੋਨਾ ਵਾਇਰਸ ਦਾ ਕਹਿਰ ਵਧਿਆ ਹੈ, ਉਸ ਨਾਲ ਅਮਰੀਕਾ ਤੇ ਚੀਨ ਦੇ ਸਬੰਧਾਂ ਵਿੱਚ ਕੁੜੱਤਣ ਵਧੀ ਹੈ। ਚੀਨੀ ਮੀਡੀਆ ਦੇ ਅਨੁਸਾਰ ਜਿਨਪਿੰਗ ਨੇ ਆਸ ਪ੍ਰਗਟਾਈ ਹੈ ਕਿ ਚੀਨ ਨਾਲ ਸੁਖਾਵੇਂ ਸਬੰਧ ਬਣਾਉਣ ਲਈ ਅਮਰੀਕਾ ਢੁੱਕਵੇਂ ਕਦਮ ਚੁੱਕੇਗਾ। ਜਿਨਪਿੰਗ ਨੇ ਟਰੰਪ ਨੂੰ ਕਿਹਾ ਕਿ ਦੋਵੇਂ ਦੇਸ਼ ਮਿਲ ਕੇ ਕੋਰੋਨਾ ਦੇ ਸੰਕਟ ਨਾਲ ਨਿਪਟ ਸਕਦੇ ਹਨ। ਇਸ ਲਈ ਚੀਨ ਆਪਣਾ ਅਨੁਭਵ ਤੇ ਸੂਚਨਾਵਾਂ ਸਾਂਝੀਆਂ ਕਰਨ ਨੂੰ ਤਿਆਰ ਹੈ। ਇਸ ਗੱਲਬਾਤ ਦੀ ਪ੍ਰਤੀਕਿਰਿਆ ਵਿੱਚ ਟਰੰਪ ਨੇ ਹਾਮੀ ਭਰੀ ਹੈ। ਉਨ੍ਹਾਂ ਨੇ ਟਵੀਟ ਕਰਕੇ ਜਿਨਪਿੰਗ ਨਾਲ ਆਪਣੀ ਗੱਲਬਾਤ ਨੂੰ ਬਹੁਤ ਚੰਗਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਦੋਵਾਂ ਆਗੂਆਂ ਨੇ ਕੋਰੋਨਾ ਵਾਇਰਸ ਦੇ ਸੰਕਟ 'ਤੇ ਵਿਸਥਾਰ ਨਾਲ ਚਰਚਾ ਕੀਤੀ। ਚੀਨ ਨੂੰ ਕੋਰੋਨਾ ਵਾਇਰਸ ਨਾਲ ਲੜਨ ਦਾ ਜ਼ਿਆਦਾ ਅਨੁਭਵ ਹੈ। ਉਸ ਕੋਲ ਇਸ ਵਾਇਰਸ ਬਾਰੇ ਵੱਧ ਸੂਚਨਾਵਾਂ ਹਨ। ਅਸੀਂ ਰਲ ਕੇ ਕੰਮ ਕਰ ਰਹੇ ਹਾਂ।

ਰਾਸ਼ਟਰਪਤੀ ਟਰੰਪ ਤੇ ਉਨ੍ਹਾਂ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕੋਰੋਨਾ ਦੇ ਕਹਿਰ ਦੀ ਜਾਣਕਾਰੀ ਲੁਕਾਉਣ ਬਾਰੇ ਚੀਨ 'ਤੇ ਤਲਖ ਟਿੱਪਣੀਆਂ ਕੀਤੀਆਂ ਸਨ। ਇਸ ਦਾ ਚੀਨ ਦੇ ਵਿਸ਼ੇਸ਼ ਮੰਤਰਾਲੇ ਨੇ ਵੀ ਤਿੱਖਾ ਜਵਾਬ ਦਿੱਤਾ ਸੀ, ਪ੍ਰੰਤੂ ਜਿਨਪਿੰਗ ਅਤੇ ਡੋਨਾਲਡ ਟਰੰਪ ਦੀ ਤਾਜ਼ਾ ਗੱਲਬਾਤ ਨਾਲ ਚੋਟੀ ਦੀਆਂ ਮਹਾਸ਼ਕਤੀਆਂ ਦਾ ਤਣਾਅ ਥੋੜ੍ਹਾ ਘੱਟ ਹੋਣ ਦੇ ਸੰਕੇਤ ਮਿਲੇ ਹਨ। ਚੀਨ ਦੇ ਸਰਕਾਰੀ ਮੀਡੀਆ ਸੀ ਸੀ ਟੀ ਵੀ ਮੁਤਾਬਕ ਜਿਨਪਿੰਗ ਨੇ ਟਰੰਪ ਨੂੰ ਕਿਹਾ ਕਿ ਦੋਵਾਂ ਦੇਸ਼ਾਂ ਦੇ ਸਬੰਧ ਔਖੀ ਘੜੀ 'ਚੋਂ ਲੰਘ ਰਹੇ ਹਨ, ਇਸ ਲਈ ਸਹਿਯੋਗ ਜ਼ਰੂਰੀ ਹੋ ਜਾਂਦਾ ਹੈ।

## ਸਰਪੰਚਾਂ ਨੂੰ ਪੰਚਾਇਤ ਫ਼ੰਡ ਵਰਤਣ ਤੇ ਮੈਡੀਕਲ ਐਮਰਜੈਂਸੀ ਲਈ ਪਾਸ ਜਾਰੀ ਕਰਨ ਦਾ ਅਧਿਕਾਰ

ਚੰਡੀਗੜ੍ਹ, 29 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਜਾਂਚ ਉੱਤੇ ਏਕਾਂਤਵਾਸ ਬਣਾਉਣ ਦੀਆਂ ਸਹੂਲਤਾਂ ਦੇਣ ਦੇ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਕਰਫ਼ਿਊ ਦੌਰਾਨ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਸਰਪੰਚਾਂ ਨੂੰ ਐਮਰਜੈਂਸੀ ਰਾਹਤ ਤੇ ਗ਼ਰੀਬਾਂ ਤੇ ਲੋੜਵੰਦਾਂ ਦੀ ਮਦਦ ਲਈ ਪੰਚਾਇਤ ਫ਼ੰਡ ਦੀ ਵਰਤੋਂ ਦਾ ਅਧਿਕਾਰ ਵੀ ਦੇ ਦਿੱਤਾ ਹੈ। ਸਰਪੰਚ ਨੂੰ ਪੰਚਾਇਤ ਫ਼ੰਡ 'ਚੋਂ ਰੋਜ਼ 5000 ਰੁਪਏ ਖ਼ਰਚ ਕਰਨ ਦਾ ਅਧਿਕਾਰ ਹੋਵੇਗਾ ਅਤੇ ਉਹ ਵੱਧ ਤੋਂ ਵੱਧ ਕੁੱਲ 50 ਹਜ਼ਾਰ ਰੁਪਏ ਤੱਕ ਖ਼ਰਚ ਸਕਦੇ ਹਨ।

ਇਸ ਤੋਂ ਇਲਾਵਾ ਸਰਪੰਚਾਂ ਨੂੰ ਸਬੰਧਿਤ ਪਿੰਡ ਵਿੱਚ ਮੈਡੀਕਲ ਐਮਰਜੈਂਸੀ ਦੀ ਹਾਲਤ ਵਿੱਚ ਰਾਤ ਸੱਤ ਵਜੇ ਤੋਂ ਸਵੇਰੇ ਛੇ ਵਜੇ ਤੱਕ ਪਾਸ ਜਾਂ ਪੱਤਰ ਜਾਰੀ ਕਰਨ ਲਈ ਅਧਿਕਾਰਤ ਕੀਤਾ ਗਿਆ ਤਾਂ ਜੋ ਲੋੜਵੰਦ ਵਿਅਕਤੀ ਡਾਕਟਰ ਕੋਲ ਜਾਂ ਹਸਪਤਾਲ ਜਾ ਕੇ ਇਲਾਜ ਕਰਵਾ ਸਕੇ। ਸਰਕਾਰੀ ਬੁਲਾਰੇ ਅਨੁਸਾਰ ਇਹ ਪਹਿਲ ਸਰਕਾਰ ਨੇ ਪਿੰਡਾਂ ਤੱਕ ਸੂਬੇ ਦੇ ਵੱਧ ਤੋਂ ਵੱਧ ਲੋਕਾਂ ਨੂੰ ਰਾਹਤ ਦੇਣ ਲਈ ਕੀਤੀ ਹੈ, ਤਾਂ ਜੋ ਕੋਰੋਨਾ ਵਾਇਰਸ ਦੇ ਸੰਕਟ ਦੌਰਾਨ ਲੱਗੇ ਕਰਫ਼ਿਊ ਕਾਰਨ ਲੋਕਾਂ ਨੂੰ ਹੋ ਰਹੀਆਂ ਮੁਸ਼ਕਲਾਂ ਘੱਟ ਹੋ ਸਕਣ। ਮੁੱਖ ਮੰਤਰੀ ਨੇ ਕੋਰਨਾ ਦੇ ਟੈਸਟਾਂ ਦੀ ਜਾਂਚ ਹੋਰ ਤੇਜ਼ ਕਰਨ ਦੇ ਆਦੇਸ਼ ਵੀ ਦਿੱਤੇ ਹਨ। ਪੰਜਾਬ ਵਿੱਚ ਅੱਜ ਤੱਕ ਟੈੱਸਟ ਕੀਤੇ ਸੈਂਪਲਾਂ ਦੀ ਗਿਣਤੀ 789 ਹੈ, ਜਿਨ੍ਹਾਂ ਵਿੱਚੋਂ 271 ਦੀ ਰਿਪੋਰਟ ਅਜੇ ਆਉਣੀ ਹੈ। ਕੋਰੋਨਾ ਦੇ ਪਾਜ਼ਿਟਿਵ ਪਾਏ ਜਾਣ ਵਾਲੇ ਮਰੀਜ਼ਾਂ ਦੇ ਇਲਾਜ ਲਈ ਸਿਹਤ ਤੇ ਪਰਵਾਰ ਭਲਾਈ ਵਿਭਾਗ ਨੇ 2708 ਬਿਸਤਰਿਆਂ ਦੀ ਸਮਰੱਥਾ ਲਈ 20 ਏਕਾਂਤਵਾਸ ਸਹੂਲਤਾਂ ਦੀ ਸ਼ਨਾਖ਼ਤ ਕੀਤੀ ਹੈ। ਮੁੱਖ ਮੰਤਰੀ ਨੇ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ ਕਿ ਹੋਰ ਸਹੂਲਤਾਂ ਦੇ ਨਾਲ ਬਿਸਤਰਿਆਂ ਦੀ ਸਮੱਰਥਾ 5000 ਤੱਕ ਕੀਤੀ ਜਾਵੇ।

ਸਿਹਤ ਤੇ ਪਰਵਾਰ ਭਲਾਈ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਜ਼ਰੂਰਤ ਪੈਣ 'ਤੇ ਗੰਭੀਰ ਮਰੀਜ਼ਾਂ ਦੇ ਇਲਾਜ ਲਈ ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿੱਚ ਕੁੱਲ 889 ਆਈ ਸੀ ਯੂ ਬੈੱਡ ਅਤੇ 387 ਵੈਂਟੀਲੇਟਰਾਂ ਦੀ ਸਹੂਲਤ ਮੌਜੂਦ ਹੈ।

## ਕਰਫਿਊ ਦੌਰਾਨ ਲੋਕਾਂ ਨਾਲ ਦੁਰਵਿਹਾਰ ਕਰਨ ਵਾਲਾ ਥਾਣਾ ਮੁਖੀ ਲਾਈਨ ਹਾਜ਼ਰ

ਕਰਤਾਰਪੁਰ, 29 ਮਾਰਚ (ਪੋਸਟ ਬਿਊਰੋ)- ਕਰਫਿਊ ਦੌਰਾਨ ਕਰਤਾਰਪੁਰ ਵਿੱਚ ਜ਼ਰੂਰੀ ਸਾਮਾਨ ਲੈਣ ਜਾਂਦੇ ਲੋਕਾਂ ਦੀ ਥਾਣਾ ਮੁਖੀ ਵੱਲੋਂ ਕੁੱਟਮਾਰ ਤੇ ਗਾਲ੍ਹਾਂ ਕੱਢਣ ਦੀ ਵੀਡੀਓ ਵਾਇਰਲ ਹੋਣ ਉੱਤੇ ਸੂਬਾ ਸਰਕਾਰ ਨੇ ਇਸ ਦਾ ਸਖਤ ਨੋਟਿਸ ਲਿਆ ਅਤੇ ਉਸ ਨੂੰ ਲਾਈਨ ਹਾਜ਼ਰ ਕਰ ਦਿੱਤਾ ਹੈ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਕਰਫਿਊ ਮੌਕੇ ਸਹਿਯੋਗ ਦੇਣ ਦੀ ਹਦਾਇਤ ਦੇ ਉਲਟ ਕਰਤਾਰਪੁਰ ਦੇ ਥਾਣਾ ਮੁਖੀ ਪੁਸ਼ਪ ਬਾਲੀ ਨੇ ਅਣਮਨੁੱਖੀ ਵਤੀਰਾ ਵਰਤਦੇ ਹੋਏ ਬਾਜ਼ਾਰ ਵਿੱਚੋਂ ਕੁਝ ਨੌਜਵਾਨਾਂ ਨੂੰ ਡੰਡੇ ਦੇ ਜ਼ੋਰ ਨਾਲ ਦੌੜਾਇਆ ਤੇ ਕੁਝ ਨੂੰ ਸ਼ਰੇਆਮ ਕੁੱਟਮਾਰ ਕਰ ਕੇ ਜ਼ਲੀਲ ਕੀਤਾ ਸੀ। ਇਸ ਸਾਰੇ ਕੁਝ ਦੀਆਂ ਵੀਡੀਓਜ਼ ਥਾਣਾ ਮੁਖੀ ਨੇ ਖੁਦ ਆਪਣੇ ਸਹਿਯੋਗੀ ਪੁਲਸ ਮੁਲਾਜ਼ਮਾਂ ਕੋਲੋਂ ਬਣਵਾਈਆਂ ਅਤੇ ਆਪਣੇ ਆਪ ਨੂੰ ਦਬੰਗ ਸਾਬਿਤ ਕਰਨ ਲਈ ਖੁਦ ਹੀ ਜਨਤਕ ਕਰਵਾ ਦਿੱਤੀਆਂ। ਥਾਣਾ ਮੁਖੀ ਨੇ ਮੁੱਖ ਬਾਜ਼ਾਰ ਵਿੱਚ ਆਪਣੀ ਐਕਟਿਵਾ 'ਤੇ ਸਾਮਾਨ ਰੱਖ ਕੇ ਵਾਪਸ ਘਰ ਚੱਲੇ ਵਿਅਕਤੀ ਦੀ ਕੁੱਟਮਾਰ ਕਰਨ ਦੀ ਵੀਡੀਓ ਖੁਦ ਬਣਾਈ।




















# ਕੋਰੋਨਾ ਦੇ ਕਹਿਰ ਤੋਂ ਬਚਣਾ ਤਾਂ ਪਾਬੰਦੀਆਂ ਝੱਲੇ ਬਿਨਾ ਸਰਨਾ ਹੀ ਨਹੀਂ



ਜਤਿੰਦਰ ਪੰਨੂ

ਭਾਰਤ ਦੇ ਲੋਕਾਂ ਨੇ ਬੜੀ ਵਾਰੀ ਕਰਫਿਊ ਲੱਗੇ ਵੇਖੇ ਹੋਏ ਹਨ। ਲਾਕ-ਡਾਊਨ ਸ਼ਬਦ ਨਵਾਂ ਸੀ, ਲਾਗੂ ਹੋਣ ਨਾਲ ਇਹ ਵੀ ਲੋਕਾਂ ਨੂੰ ਸਮਝ ਆ ਗਿਆ। ਭਾਰਤ ਤੋਂ ਪਹਿਲਾਂ ਇਹ ਲਾਕ-ਡਾਊਨ ਚੀਨ ਵਿੱਚ ਹੋਇਆ ਸੀ। ਵੂਹਾਨ ਸ਼ਹਿਰ ਦੇ ਲੋਕਾਂ ਨੂੰ ਜਦੋਂ ਕੋਰੋਨਾ ਵਾਇਰਸ ਨੇ ਹਾਲੇ ਘੇਰਨਾ ਸ਼ੁਰੂ ਕੀਤਾ ਸੀ, ਚੀਨ ਸਰਕਾਰ ਨੇ ਇਸ ਨੂੰ ਰੋਕਣ ਵਾਸਤੇ ਇਹ ਕਦਮ ਫੌਰੀ ਤੌਰ ਉੱਤੇ ਅਤੇ ਪੂਰੀ ਸਖਤੀ ਨਾਲ ਚੁੱਕਿਆ ਸੀ। ਓਥੋਂ ਦੇ ਲੋਕਾਂ ਨੇ ਵਿਰੋਧ ਨਹੀਂ ਸੀ ਕੀਤਾ। ਕੌਮਾਂ ਅੰਦਰ ਜ਼ਾਬਤੇ ਦਾ, ਡਿਸਿਪਲਿਨ ਦਾ, ਕੀ ਅਰਥ ਹੁੰਦਾ ਹੈ ਤੇ ਇਸ ਦੇ ਲਾਭ ਕੀ ਹੁੰਦੇ ਹਨ, ਇਹ ਗੱਲ ਜਾਪਾਨ ਅਤੇ ਚੀਨ ਦੇ ਆਮ ਲੋਕਾਂ ਨੇ ਬਾਕੀ ਦੁਨੀਆ ਨੂੰ ਸਮਝਾ ਦਿੱਤੀ ਹੈ। ਉਨ੍ਹਾਂ ਦੋਵਾਂ ਦੇਸ਼ਾਂ ਵਿੱਚ ਜਦੋਂ ਬਿਮਾਰੀ ਦਾ ਮੁੱਢ ਬੱਝਾ ਤਾਂ ਦੋਵਾਂ ਦੇਸ਼ਾਂ ਵਿੱਚ ਸਾਡੇ ਦੇਸ਼ ਵਾਂਗ ਸਮੁੱਚਾ ਲਾਕ-ਡਾਊਨ ਕਰਨ ਦੀ ਥਾਂ ਸੰਬੰਧਤ ਇਲਾਕਿਆਂ ਵਿੱਚ ਆਵਾਜਾਈ ਰੋਕੀ ਗਈ ਸੀ ਅਤੇ ਇਸ ਨਾਲ ਇਹ ਰੋਗ ਹੋਰ ਥਾਈਂ ਫੈਲਣ ਤੋਂ ਰੁਕ ਗਿਆ ਸੀ। ਇਰਾਨ ਤੇ ਇਟਲੀ ਵਿੱਚ ਇਸ ਮਾਮਲੇ ਵਿੱਚ ਅਵੇਸਲੇ ਹੋਣ ਦੇ ਕਾਰਨ ਜਦੋਂ ਨੁਕਸਾਨ ਹੋ ਚੁੱਕਾ ਸੀ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸਮਝਣਾ ਚਾਹੀਦਾ ਸੀ, ਪਰ ਉਹ ਸੰਸਾਰ ਵਿੱਚ ਫੈਲ ਰਹੀ ਇਸ ਬਿਮਾਰੀ ਵੱਲ ਧਿਆਨ ਦੇਣ ਤੋਂ ਵੱਧ ਚੋਣਾਂ ਦੇ ਮੋਰਚੇ ਵੱਲ ਹੀ ਰੁੱਝਾ ਰਿਹਾ ਸੀ। ਸਿੱਟਾ ਇਹ ਨਿਕਲਿਆ ਕਿ ਚੀਨ ਤੋਂ ਬਾਅਦ ਜਦੋਂ ਉਹੋ ਬਿਮਾਰੀ ਇਟਲੀ ਵਿੱਚ ਆਈ ਤਾਂ ਉਸ ਦਾ ਬੁਰਾ ਹਾਲ ਹੋ ਗਿਆ ਅਤੇ ਫਿਰ ਜਦੋਂ ਉਸ ਦੇ ਬਾਅਦ ਅਮਰੀਕਾ ਵਿੱਚ ਪਹੁੰਚੀ, ਓਥੇ ਵੀ ਕੇਸਾਂ ਤੇ ਮੌਤਾਂ ਦੀ ਗਿਣਤੀ ਧੜਾਧੜ ਵਧਣ ਲੱਗ ਪਈ।

ਅਸੀਂ ਕਈ ਗੱਲਾਂ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨੁਕਤਾਚੀਨੀ ਕਰਦੇ ਰਹਿੰਦੇ ਹਾਂ ਤੇ ਅਜਿਹਾ ਕਰਨ ਵਿੱਚ ਕੁਝ ਗਲਤ ਨਹੀਂ ਕਰਦੇ, ਪਰ ਉਸ ਨੇ ਜਦੋਂ ਦੇਸ਼ ਵਿੱਚ ਇੱਕ ਦਿਨ ਦਾ ਜਨਤਾ ਕਰਫਿਊ ਲਾਗੂ ਕਰਨ ਲਈ ਸੱਦਾ ਦੇਣ ਵਾਲਾ ਭਾਸ਼ਣ ਕੀਤਾ ਸੀ, ਅਸੀਂ ਸਭ ਤੋਂ ਪਹਿਲਾਂ ਇਸ ਦਾ ਸਵਾਗਤ ਕੀਤਾ ਸੀ। ਕਾਰਨ ਸਿਰਫ ਇਹ ਸੀ ਕਿ ਅਸੀਂ ਚੀਨ ਤੇ ਜਾਪਾਨ ਵਿੱਚ ਲਾਕ-ਡਾਊਨ ਦੇ ਸਿੱਟੇ ਵੇਖਣ ਪਿੱਛੋਂ ਇਹ ਕਦਮ ਠੀਕ ਸਮਝਦੇ ਸਾਂ। ਫਿਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਫਿਊ ਲਾਉਣ ਦਾ ਐਲਾਨ ਕੀਤਾ ਤਾਂ ਅਸੀਂ ਇਸ ਸਖਤ ਕਦਮ ਲਈ ਮਾਨਸਿਕ ਪੱਖ ਤੋਂ ਭਾਵੇਂ ਖੁਦ ਵੀ ਤਿਆਰ ਨਹੀਂ ਸਾਂ, ਫਿਰ ਵੀ ਇਸ ਨੂੰ ਬਚਾਅ ਦੇ ਕਦਮ ਵਜੋਂ ਜਾਇਜ਼ ਮੰਨਿਆ ਤੇ ਲੋਕਾਂ ਨੂੰ ਇਸ ਨੂੰ ਮੰਨ ਕੇ ਬਿਮਾਰੀ ਤੋਂ ਬਚਾਅ ਲਈ ਸਹਿਯੋਗ ਕਰਨ ਦਾ ਸੱਦਾ ਦਿੱਤਾ ਸੀ। ਸਰਕਾਰਾਂ ਦੇ ਇਹ ਦੋਵੇਂ ਕਦਮ ਜਿਨ੍ਹਾਂ ਲੋਕਾਂ ਨੂੰ ਗਲਤ ਲੱਗੇ ਸੀ ਤੇ ਉਹ ਪੁੱਛਦੇ ਸਨ ਕਿ ਇਸ ਨਾਲ ਕੀ ਹੋਊਗਾ, ਉਨ੍ਹਾਂ ਨੂੰ ਅਸੀਂ ਦੱਸਿਆ ਸੀ ਕਿ ਜਿਹੜੇ ਲੋਕਾਂ ਵਿੱਚ ਕੋਰੋਨਾ ਵਾਇਰਸ ਦਾ ਕੋਈ ਕੀਟਾਣੂ ਹੋਇਆ, ਉਹ ਇਸ ਕਰਫਿਊ ਦੇ ਦਿਨਾਂ ਵਿੱਚ ਪਤਾ ਲੱਗ ਜਾਵੇਗਾ ਤੇ ਇਲਾਜ ਕੀਤਾ ਜਾ ਸਕੇਗਾ ਤੇ ਬਾਕੀ ਲੋਕਾਂ ਨੂੰ ਬਿਮਾਰੀ ਤੋਂ ਬਚੇ ਹੋਏ ਕਰਾਰ ਦੇ ਕੇ ਕੰਮ ਕਰਨ ਦੀ ਖੁੱਲ੍ਹ ਮਿਲ ਜਾਵੇਗੀ।

ਆਮ ਲੋਕਾਂ ਨੂੰ ਚਾਹੀਦਾ ਸੀ ਕਿ ਉਹ ਇਸ ਨੂੰ ਮੰਨਦੇ, ਪਰ ਜਿੱਥੇ ਕੁਝ ਲੋਕਾਂ ਦੀ ਬਾਹਰ ਆਉਣ ਦੀ ਮਜਬੂਰੀ ਸੀ, ਓਥੇ ਕੁਝ ਹੋਰ ਲੋਕਾਂ ਨੂੰ ਬਾਹਰ ਘੁੰਮ ਕੇ ਵੇਖਣ ਦਾ ਸ਼ੌਕ ਵੀ ਸੜਕਾਂ ਉੱਤੇ ਲੈ ਆਇਆ। ਅੱਗੇ ਪੁਲਸ ਮੁਲਾਜ਼ਮ ਅਜੇ ਵੀ ਅੰਗਰੇਜ਼ੀ ਰਾਜ ਵੇਲੇ ਦਾ ਵਿਹਾਰ ਕਰਨਾ ਨਹੀਂ ਛੱਡਦੇ। ਉਨ੍ਹਾਂ ਨੇ ਲੋਕਾਂ ਨੂੰ ਸਮਝਾਉਣ ਜਾਂ ਚਾਰ ਪਲ ਖੂੰਜੇ ਵਿੱਚ ਬਿਠਾ ਕੇ ਘਰੀਂ ਮੋੜਨ ਦੀ ਥਾਂ ਆਮ ਲੋਕਾਂ ਨੂੰ ਸੜਕਾਂ ਉੱਤੇ ਕੁੱਟਣ, ਮੁਰਗਾ ਬਣਾਉਣ, ਨੱਕ ਨਾਲ ਲਕੀਰਾਂ ਕੱਢਵਾਉਣ ਅਤੇ ਸੜਕਾਂ ਉੱਤੇ ਲੇਟਣੀਆਂ ਖਾਣ ਲਈ ਮਜਬੂਰ ਕਰਨ ਦਾ ਉਹ ਕੰਮ ਫੜ ਲਿਆ, ਜਿਹੜਾ ਕਦੇ ਨਹੀਂ ਹੋਣਾ ਚਾਹੀਦਾ। ਪਤਾ ਲੱਗਾ ਕਿ ਮੁੱਖ ਮੰਤਰੀ ਅਤੇ ਪੰਜਾਬ ਪੁਲਸ ਦੇ ਮੁਖੀ ਨੇ ਪੁਲਸ ਵਾਲਿਆਂ ਨੂੰ ਅਕਲ ਨਾਲ ਵਿਹਾਰ ਕਰਨ ਲਈ ਕਿਹਾ ਸੀ, ਪਰ ਏਦਾਂ ਦੀ ਸਮਝਾਉਣੀ ਦਾ ਬਹੁਤਾ ਅਸਰ ਹੇਠਾਂ ਅਮਲ ਵਿੱਚ ਨਹੀਂ ਵੇਖਿਆ ਗਿਆ। ਪੁਲਸ ਵਾਲੇ ਆਪਣੇ ਪੁੱਠ ਕੰਮ ਕਰਨ ਲੱਗੇ ਰਹੇ। ਜਿਸ ਦੇਸ਼ ਵਿੱਚ ਏਦਾਂ ਦੀ ਅਮਨ-ਕਾਨੂੰਨ ਦੀ ਮਸ਼ੀਨਰੀ ਹੋਵੇ, ਓਥੇ ਕੀਤਾ ਗਿਆ ਚੰਗਾ ਕੰਮ ਵੀ ਸਹੀ ਸਿੱਟੇ ਕੱਢਣ ਦੀ ਥਾਂ ਖੇਹ ਉਡਾਉਣ ਦਾ ਕਾਰਨ ਬਣਦਾ ਹੈ। ਸਰਕਾਰ ਇਸ ਨੂੰ ਰੋਕ ਨਹੀਂ ਸੀ ਸਕੀ। ਇਸ ਕਾਰਨ ਬਦਨਾਮੀ ਹੋਈ ਤਾਂ ਇਹ ਪੁਲਸ ਵਾਲਿਆਂ ਦੀ ਨਹੀਂ ਹੋਈ, ਪੁਲਸ ਦੀ ਕਮਾਂਡ ਕਰਨ ਵਾਲੀ ਸਰਕਾਰ ਦੀ ਹੀ ਹੋਣੀ ਸੀ।



ਦੂਸਰੀ ਗੱਲ ਇਹ ਕਿ ਇੱਕ ਗਿਆਨੀ ਬਲਦੇਵ ਸਿੰਘ ਦੀ ਮੂਰਖਤਾ ਕਾਰਨ ਪੰਜਾਬ ਵਿੱਚ ਕਈ ਥਾਈਂ ਇਸ ਰੋਗ ਦੀ ਲਾਗ ਪਹੁੰਚੀ ਹੋਣ ਕਰ ਕੇ ਉਸ ਨੂੰ ਲੋਕ ਗਾਲ੍ਹਾਂ ਕੱਢਦੇ ਹਨ, ਪਰ ਇਸ ਤਰ੍ਹਾਂ ਗਾਲ੍ਹਾਂ ਕੱਢਣ ਦਾ ਫਾਇਦਾ ਨਹੀਂ, ਉਹ ਆਦਮੀ ਮਰ ਚੁੱਕਾ ਹੈ। ਕਰਨ ਵਾਲਾ ਕੰਮ ਤਾਂ ਇਹ ਹੈ ਕਿ ਜਲੰਧਰ ਦੇ ਜਿਸ ਹਸਪਤਾਲ ਦੇ ਡਾਕਟਰਾਂ ਨੂੰ ਉਸ ਆਦਮੀ ਨੂੰ ਲੱਗ ਚੁੱਕੀ ਬਿਮਾਰੀ ਦਾ ਪਤਾ ਸੀ, ਉਨ੍ਹਾਂ ਨੂੰ ਇਸ ਦੇ ਬਾਵਜੂਦ ਉਸ ਆਦਮੀ ਨੂੰ ਜਾਣ ਦੇਣ ਤੇ ਸਿਹਤ ਵਿਭਾਗ ਤੋਂ ਓਹਲਾ ਰੱਖਣ ਲਈ ਕਟਹਿਰੇ ਵਿੱਚ ਖੜਾ ਕੀਤਾ ਜਾਵੇ। ਦੋ ਜ਼ਿਲਿਆਂ ਨਵਾਂ ਸ਼ਹਿਰ ਅਤੇ ਹੁਸ਼ਿਆਰਪੁਰ ਦੇ ਜਿਨ੍ਹਾਂ ਪਿੰਡ ਵਿੱਚ ਇਸ ਵੇਲੇ ਇਸ ਬਿਮਾਰੀ ਨੇ ਪਿੱਟਣੇ ਪਾ ਰੱਖੇ ਹਨ, ਉਨ੍ਹਾਂ ਲਈ ਜ਼ਿੰਮੇਵਾਰ ਮਰੀਜ਼ ਤਾਂ ਮਰ ਗਿਆ, ਡਾਕਟਰ ਕਿਤੇ ਨਹੀਂ ਚਲੇ ਗਏ, ਉਹ ਇਸ ਜ਼ਿੰਮੇਵਾਰੀ ਤੋਂ ਨਹੀਂ ਬਚਣੇ ਚਾਹੀਦੇ। ਜ਼ਮੀਨੀ ਕਬਜ਼ਿਆਂ ਤੱਕ ਦੇ ਕਈ ਵਿਵਾਦਾਂ ਵਿੱਚ ਉਲਝੀ ਹੋਈ ਉਸ ਹਸਪਤਾਲ ਦੀ ਮੈਨੇਜਮੈਂਟ ਦੇ ਹੱਥ ਏਨੇ ਲੰਮੇ ਹਨ ਕਿ ਅਜੇ ਤੱਕ ਉਨ੍ਹਾਂ ਉੱਤੇ ਕੋਈ ਕਾਰਵਾਈ ਨਹੀਂ ਹੋਈ।

ਤੀਸਰੀ ਗੱਲ ਇਹ ਹੈ ਕਿ ਅਣਕਿਆਸੀ ਬਿੱਜ ਪੈਣ ਵਰਗੀ ਇਸ ਬਿਮਾਰੀ ਦੇ ਖਿਲਾਫ ਲੜਨ ਲਈ ਸੰਸਾਰ ਵਿੱਚ ਇੱਕ ਉਚੇਚੀ ਕਤਾਰਬੰਦੀ ਚਾਹੀਦੀ ਹੈ, ਪਰ ਏਦਾਂ ਦੀ ਕਤਾਰਬੰਦੀ ਲਈ ਰਾਜਨੀਤਕ ਤੇ ਡਿਪਲੋਮੈਟਿਕ ਖਿੱਚੋਤਾਣ ਲਾਂਭੇ ਰੱਖਣੀ ਪੈਣੀ ਹੈ। ਕੁਝ ਦੇਸ਼ਾਂ ਨੇ ਇਸ ਲੜਾਈ ਲਈ ਚੀਨੀ ਤਜਰਬੇ ਤੋਂ ਸਿੱਖਣ ਦੀ ਥਾਂ ਉਸ ਦੇ ਖਿਲਾਫ ਸੰਸਾਰ ਭਰ ਵਿੱਚ ਨਵੀਂ ਭੰਡੀ ਦੀ ਮੁਹਿੰਮ ਵਿੱਢ ਦਿੱਤੀ ਹੈ। ਸਾਡੇ ਭਾਰਤ ਦੇ ਕੁਝ ਟੀ ਵੀ ਚੈਨਲ ਇਸ ਕੰਮ ਵਿੱਚ ਫਿਰ ਮੋਹਰੀ ਹੋ ਕੇ ਇੰਜ ਖੱਪ ਪਾਈ ਜਾਂਦੇ ਹਨ, ਜਿਵੇਂ ਗਵਾਂਢੀ ਦੇਸ਼ਾਂ ਦੇ ਖਿਲਾਫ ਭਾਰਤੀ ਲੋਕਾਂ ਨੂੰ ਭੜਕਾਉਣਾ ਉਨ੍ਹਾਂ ਦੀ ਆਦਤ ਹੈ। ਬਾਰਡਰ ਦੀ ਖਿੱਚੋਤਾਣ ਉਨ੍ਹਾਂ ਲਈ ਧਰਮ ਦੀ ਜੰਗ ਦਾ ਮੁੱਦਾ ਹੁੰਦਾ ਹੈ ਤੇ ਬਿਮਾਰੀ ਦੇ ਖਿਲਾਫ ਮੁਹਿੰਮ ਲਈ ਚੀਨ ਖਿਲਾਫ ਜਦੋਂ ਉਹ ਕਮਰਕੱਸ ਕਰਨ ਲੱਗੇ ਤਾਂ ਪੁਰਾਣੇ ਕੂੜ ਕਿੱਸੇ ਵੇਚੀ ਜਾਂਦੇ ਹਨ ਕਿ ਫਲਾਣੇ ਵੇਲੇ ਰੂਸ ਦੀ ਕਮਿਊਨਿਸਟ ਸਰਕਾਰ ਨੇ ਐਨੇ ਲੋਕ ਮਾਰ ਦਿੱਤੇ ਸਨ ਅਤੇ ਇਸ ਵਾਰੀ ਚੀਨ ਵਿੱਚ ਸਰਕਾਰ ਨੇ ਐਨੇ ਹਜ਼ਾਰ ਲੋਕਾਂ ਨੂੰ ਮਾਰ ਦਿੱਤਾ ਹੈ। ਬਕਵਾਸ ਦੀ ਕੋਈ ਹੱਦ ਹੀ ਨਹੀਂ ਰਹਿਣ ਦਿੱਤੀ ਜਾਂਦੀ। ਇਟਲੀ ਵਿੱਚ ਬਿਮਾਰੀ ਦੇ ਵਧਣ ਉੱਤੇ ਸਭ ਤੋਂ ਅੱਗੇ ਹੋ ਕੇ ਜਿਸ ਕਿਊਬਾ ਨੇ ਇੱਕ ਮੈਡੀਕਲ ਬ੍ਰੀਗੇਡ ਓਥੋਂ ਦੇ ਲੋਕਾਂ ਦੀ ਮਦਦ ਲਈ ਭੇਜੀ, ਇਟਲੀ ਵਿੱਚ ਭਾਵੇਂ ਆਮ ਲੋਕਾਂ ਨੇ ਉਸ ਨਾਲ ਰਾਹਤ ਮਹਿਸੂਸ ਕੀਤੀ, ਪਰ ਅਮਰੀਕੀ ਰਾਸ਼ਟਰਪਤੀ ਤੇ ਉਸ ਦੀ ਚਾਟ ਉੱਤੇ ਲੱਗੇ ਹੋਏ ਮੀਡੀਆ ਦੇ ਢੰਡੋਰਚੀਆਂ ਨੇ ਉਸ ਦੇ ਖਿਲਾਫ ਵੀ ਭੰਡੀ-ਪ੍ਰਚਾਰ ਦੀ ਮੁਹਿੰਮ ਵਿੱਢ ਦਿੱਤੀ ਹੈ। ਇਸ ਤਰ੍ਹਾਂ ਲੱਗਣ ਲੱਗ ਪਿਆ ਹੈ ਕਿ ਉਨ੍ਹਾਂ ਲਈ ਇਸ ਮੌਕੇ ਵੀ ਬਿਮਾਰੀ ਦੇ ਖਿਲਾਫ ਸਾਰੇ ਸੰਸਾਰ ਦੇ ਲੋਕਾਂ ਨੂੰ ਇਕਜੁੱਟ ਕਰਨ ਨਾਲੋਂ ਵਡੇਰਾ ਕੰਮ ਡਿਪਲੋਮੇਸੀ ਦੇ ਮੋਰਚੇ ਉੱਤੇ ਟਰੰਪ ਦੀ ਫਤਹਿ ਦਾ ਨਗਾਰਾ ਖੜਕਾਉਣਾ ਅਤੇ ਅਮਰੀਕਾ ਵਿੱਚ ਟਰੰਪ ਨੂੰ ਦੋਬਾਰਾ ਚੋਣ ਜਿੱਤਦਾ ਵੇਖਣ ਹੀ ਹੋ ਗਿਆ ਹੈ। ਸਭ ਨੂੰ ਪਤਾ ਹੈ ਕਿ ਸਾਡਾ ਪ੍ਰਧਾਨ ਮੰਤਰੀ ਪਿਛਲੇ ਸਾਲ ਅਮਰੀਕਾ ਵਿੱਚ ਜਾ ਕੇ ਵੀ ਹਜ਼ਾਰਾਂ ਲੋਕਾਂ ਸਾਹਮਣੇ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਉਹ ਨਾਅਰਾ ਦੇ ਆਇਆ ਸੀ, ਜਿਹੜੇ ਡਿਪਲੋਮੈਟਿਕ ਚੱਜ-ਆਚਾਰ ਦੀਆਂ ਹੱਦਾਂ ਤੋਂ ਪਰੇ ਸੀ।

ਚੌਥਾ ਕੰਮ ਇਹੋ ਜਿਹੇ ਵਕਤ ਆਪਣੇ ਲੋਕਾਂ ਨੂੰ ਤਿਆਰ ਕਰਨ ਦਾ ਹੁੰਦਾ ਹੈ ਕਿ ਮੁਸੀਬਤ ਸਿਰਫ ਕਰਫਿਊ ਵਾਲੇ ਪੰਦਰਾਂ-ਵੀਹ ਦਿਨਾਂ ਦੀ ਨਹੀਂ, ਅਗਲੇ ਦਿਨਾਂ ਵਿੱਚ ਸੰਸਾਰ ਪੱਧਰ ਦੀ ਮਹਾਮਾਰੀ ਦੇ ਟਾਕਰੇ ਲਈ ਹੋਰ ਸਖਤੀ ਵਾਲਾ ਦੌਰ ਝੱਲਣਾ ਪੈ ਸਕਦਾ ਹੈ। ਕੇਂਦਰ ਦੀ ਸਰਕਾਰ ਤੇ ਰਾਜ ਦੀ ਵੀ ਇਸ ਬਾਰੇ ਬਹੁਤਾ ਕੁਝ ਨਹੀਂ ਕਰ ਸਕੀ। ਭਾਰਤ ਦੇ ਲੋਕਾਂ ਦਾ ਸੁਭਾਅ ਵੀ ਏਦਾਂ ਦਾ ਹੈ ਕਿ ਉਹ ਅਜੇ ਤੱਕ ਮਨਾਂ ਵਿੱਚ ਡਿਸਿਪਲਿਨ ਦਾ ਕੋਈ ਕੋਨਾ ਨਹੀਂ ਬਣਾ ਸਕੇ। ਬਹੁਤ ਵੱਡੇ-ਚੌੜੇ ਹਾਈਵੇ ਬਣਨ ਦੇ ਬਾਅਦ ਵੀ ਲੋਕਾਂ ਨੂੰ ਅਜੇ ਤੱਕ ਲਾਈਨਾਂ ਵਿੱਚ ਚੱਲਣ ਦੀ ਆਦਤ ਨਹੀਂ, ਬੈਂਕਾਂ ਜਾਂ ਹਸਪਤਾਲਾਂ ਤੇ ਹੋਰਨਾਂ ਥਾਂਵਾਂ ਉੱਤੇ ਲਾਈਨਾਂ ਵਿੱਚ ਲੱਗ ਕੇ ਆਪੋ ਆਪਣਾ ਕੰਮ ਭੁਗਤਾਉਣ ਦੀ ਥਾਂ ਧੱਕੇ ਮਾਰੀ ਜਾਣ ਅਤੇ ਆਪ ਵੀ ਧੱਕੇ ਖਾਣ ਦਾ ਸਾਡਾ ਸੁਭਾਅ ਨਹੀਂ ਬਦਲ ਰਿਹਾ। ਸੰਕਟ ਦਾ ਸਮਾਂ ਹੈ। ਰਾਜ ਸਰਕਾਰ ਦਾ ਹੁਕਮ ਹੈ ਜਾਂ ਕੇਂਦਰ ਦਾ, ਇਸ ਵੇਲੇ ਜੇ ਅਸੀਂ ਸੋਚੀਏ ਕਿ ਹਰ ਗੱਲ ਸਾਡੀ ਇੱਛਾ ਮੁਤਾਬਕ ਹੋਵੇਗੀ ਅਤੇ ਹਰ ਚੀਜ਼ ਇੱਛਾ ਮੁਤਾਬਕ ਮਿਲਦੀ ਰਹੇਗੀ ਤਾਂ ਇਹ ਗਲਤ ਹੋਵੇਗਾ। ਸੰਕਟ ਤਾਂ ਸੰਕਟ ਹੁੰਦਾ ਹੈ। ਮੁਲਕਾਂ ਦੇ ਇਤਿਹਾਸ ਵਿੱਚ ਏਦਾਂ ਦੇ ਸਮੇਂ ਵੀ ਆਉਣ ਦੇ ਬਿਰਤਾਂਤ ਮਿਲਦੇ ਹਨ, ਜਦੋਂ ਮਸਾਂ ਅੱਧੀ ਰੋਟੀ ਖਾ ਕੇ ਵੀ ਆਮ ਲੋਕਾਂ ਨੂੰ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ ਤੇ ਉਸ ਵਕਤ ਉਨ੍ਹਾਂ ਸੰਕਟਾਂ ਵਿੱਚੋਂ ਸਿਰਫ ਸਿਦਕ ਵਾਲੇ ਪਾਰ ਹੁੰਦੇ ਰਹੇ ਹਨ। ਅਜੋਕੇ ਸਮਾਂ ਵੀ ਚੀਨ ਤੋਂ ਅਮਰੀਕਾ ਤੱਕ ਤੇ ਸਾਡੇ ਭਾਰਤ ਤੋਂ ਦੁਨੀਆ ਦੀ ਹਰ ਨੁੱਕਰ ਤੱਕ ਓਸੇ ਕਿਸਮ ਦਾ ਸੰਕਟ ਦਾ ਸਮਾਂ ਹੈ, ਜਿਸ ਤੋਂ ਪਾਰ ਪਾਉਣ ਲਈ ਸਾਨੂੰ ਇੱਕ ਪਾਸੇ ਡਿਸਿਪਲਿਨ ਦੇ ਆਦੀ ਬਣਨਾ ਪਵੇਗਾ ਤੇ 'ਮਰ ਗਏ-ਮਰ ਗਏ' ਦੀਆਂ ਬਹੁੜੀਆਂ ਛੱਡ ਕੇ ਸਿਦਕ ਰੱਖ ਕੇ ਚੱਲਣਾ ਪਵੇਗਾ। ਇਹ ਸੰਕਟ ਕੁਦਰਤ ਦਾ ਪਾਇਆ ਹੋਇਆ ਹੈ, ਕੁਦਰਤ ਦੇ ਅੱਗੇ ਜ਼ਿਦਾਂ ਵੀ ਨਹੀਂ ਪੁੱਗ ਸਕਦੀਆਂ ਅਤੇ ਹੋਛਾਪਣ ਵੀ ਬਿਲਕੁਲ ਨਹੀਂ ਚੱਲ ਸਕਦਾ। ਸਮੇਂ ਦੀ ਨਜ਼ਾਕਤ ਨੂੰ ਵੇਖਦੇ ਹੋਏ ਸਮੁੱਚੇ ਸੰਸਾਰ-ਪਿੰਡ ਦੇ ਹਰ ਦੇਸ਼ ਦੇ ਵਾਸੀਆਂ ਨੂੰ ਆਪਸੀ ਸਾਂਝ ਦੀਆਂ ਤੰਦਾਂ ਹੋਰ ਮਜ਼ਬੂਤ ਕਰਨੀਆਂ ਅਤੇ ਹਰ ਗੱਲ ਲਈ ਇੱਕ ਦੂਸਰੇ ਦਾ ਸਹਿਯੋਗ ਕਰਨਾ ਪੈਣਾ ਹੈ।

# ਨਿਆਂ ਪਾਲਿਕਾ ਦਾ ਕੋਟ ਲਾਹ ਕੇ ਸਿਆਸੀ ਕੋਟ ਪਾਉਣ ਵਾਲੇ ਲੋਕ

-ਹਰੀ ਜੈ ਸਿੰਘ-

ਆਖਿਰ ਭਾਰਤੀ ਨਿਆਂ ਪਾਲਿਕਾ ਕਿੱਧਰ ਜਾ ਰਹੀ ਹੈ? ਇਹ ਸਵਾਲ ਪਹਿਲਾਂ ਵੀ ਉਠਾਏ ਗਏ, ਜਦੋਂ ਕਦੇ ਨਿਆਂ ਪਾਲਿਕਾ ਕਾਰਜਕਾਰੀ ਬੰਧਨ ਨੂੰ ਹਟਾ ਕੇ ਸਾਹਮਣੇ ਵੱਲ ਆਈ ਸੀ। ਇਸ 'ਚ ਕੋਈ ਭੇਦ ਨਹੀਂ ਰਿਹਾ ਕਿ ਕੋਈ ਸਿਆਸੀ ਕਾਰਜਕਾਰੀ ਕਦੇ-ਕਦਾਈਂ ਉਚੇ ਜੁਡੀਸ਼ਲ ਅਹੁਦਿਆਂ 'ਤੇ ਰਜ਼ਾਮੰਦੀ ਅਤੇ ਨਿਯੁਕਤੀ ਨਾਲ ਖੇਡਦੇ ਰਹੇ ਹਨ। ਉਹ ਲੋਕ ਢੁੱਕਵੇਂ ਫੈਸਲੇ ਲੈਣ ਲਈ ਸਥਾਈ ਜੱਜਾਂ 'ਤੇ ਦਬਾਅ ਪਾਉਂਦੇ ਹਨ। ਨਵਾਂ ਕੇਸ, ਜਿਸ ਨੇ ਸਾਰੇ ਪਾਸੇ ਭੂਚਾਲ ਲਿਆ ਦਿੱਤਾ ਹੈ, ਉਹ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਦੀ ਰਾਜ ਸਭਾ ਨਾਮਜ਼ਦਗੀ ਦਾ ਹੈ। ਮੋਦੀ ਸਰਕਾਰ ਨੇ ਉਨ੍ਹਾਂ ਦੀ ਸੇਵਾ ਮੁਕਤੀ ਦੇ ਸੱਤ ਮਹੀਨਿਆਂ ਦੇ ਅੰਦਰ ਹੀ ਉਨ੍ਹਾਂ ਨੂੰ ਰਾਜ ਸਭਾ ਲਈ ਨਾਮਜ਼ਦ ਕਰ ਦਿੱਤਾ।

ਕੀ ਇਹ ਮੁਆਵਜ਼ੇ ਦਾ ਕੇਸ ਹੈ? ਇਸ ਸਵਾਲ ਦਾ ਜਵਾਬ ਭਾਰਤ ਵਿੱਚ ਸਿਆਸੀ ਕਾਨੂੰਨੀ ਮਸਲਿਆਂ 'ਤੇ ਝਾਤੀ ਮਾਰਨ 'ਤੇ ਨਿਰਭਰ ਕਰਦਾ ਹੈ। ਕਈ ਆਲੋਚਨਾਵਾਂ ਦੇ ਦੌਰਾਨ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਕੋਰੀਅਨ ਜੋਸੇਫ ਨੇ ਕਿਹਾ, 'ਮੈਂ ਇਸ ਗੱਲ ਤੋਂ ਹੈਰਾਨ ਹਾਂ ਕਿ ਕਿਵੇਂ ਜਸਟਿਸ ਰੰਜਨ ਗੋਗੋਈ, ਜਿਨ੍ਹਾਂ ਨੇ ਨਿਆਂ ਪਾਲਿਕਾ ਦੀ ਆਜ਼ਾਦੀ ਬਣਾਈ ਰੱਖਣ ਦਾ ਹੌਸਲਾ ਬਣਾਈ ਰੱਖਿਆ, ਨੇ ਨਿਆਂ ਪਾਲਿਕਾ ਦੀ ਆਜ਼ਾਦੀ ਅਤੇ ਨਿਰਪੱਖਤਾ ਦੇ ਮਹਾਨ ਸਿਧਾਂਤਾਂ ਨਾਲ ਸਮਝੌਤਾ ਕਰ ਲਿਆ।" ਸੁਪਰੀਮ ਕੋਰਟ ਦੇ ਸਾਬਕਾ ਜੱਜ ਮਦਨ ਬੀ ਲੋਕੁਰ, ਜਸਟਿਸ ਓ ਪੀ ਸ਼ਾਹ ਅਤੇ ਜਸਟਿਸ ਆਰ ਐੱਸ ਸੋਢੀ ਨੇ ਵੀ ਸਰਕਾਰ ਵੱਲੋਂ ਗੋਗੋਈ ਦੇ ਰਾਜ ਸਭਾ ਵਿੱਚ ਨਾਮਜ਼ਦਗੀ 'ਤੇ ਤੇਜ਼ੀ ਨਾਲ ਆਪਣੀਆਂ ਪ੍ਰਤੀਕਿਰਿਆਵਾਂ ਦਿੱਤੀਆਂ ਹਨ। ਜਸਟਿਸ ਗੋਗੋਈ ਲਗਭਗ 13 ਮਹੀਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਰਹਿਣ ਮਗਰੋਂ ਪਿਛਲੇ ਨਵੰਬਰ ਮਹੀਨੇ 'ਚ ਸੇਵਾ ਮੁਕਤ ਹੋਏ ਸਨ। ਉਨ੍ਹਾਂ ਨੇ ਉਸ ਸੰਵਿਧਾਨਕ ਬੈਂਚ ਦੀ ਅਗਵਾਈ ਕੀਤੀ ਸੀ, ਜਿਸ ਨੇ ਅਯੁੱਧਿਆ ਦੇ ਵਿਵਾਦਿਤ ਮੰਦਰ-ਮਸਜਿਦ ਝਗੜੇ ਦਾ ਇਤਿਹਾਸਕ ਫੈਸਲਾ ਦਿੱਤਾ ਅਤੇ ਰਾਮ ਮੰਦਰ ਲਈ ਵਿਵਾਦਤ 2.77 ਏਕੜ ਜ਼ਮੀਨ ਦਿੱਤੀ ਸੀ ਅਤੇ ਅਯੁੱਧਿਆ 'ਚ ਬਦਲਵੀਂ ਥਾਂ ਵਜੋਂ ਮਸਜਿਦ ਲਈ ਪੰਜ ਏਕੜ ਜ਼ਮੀਨ ਦਿੱਤੀ ਸੀ। ਗੋਗੋਈ ਉਸ ਬੈਂਚ ਦਾ ਵੀ ਹਿੱਸਾ ਸਨ, ਜਿਸ ਨੇ ਮੋਦੀ ਸਰਕਾਰ ਨੂੰ ਰਾਫੇਲ ਜੈਟਸ ਖਰੀਦਣ ਨਾਲ ਸੰਬੰਧਤ ਕੇਸ ਵਿੱਚ ਕਲੀਨ ਚਿੱਟ ਦਿੱਤੀ ਸੀ।

ਇੱਕ ਵਾਰ ਜਸਟਿਸ ਗੋਗੋਈ 'ਤੇ ਸੁਪਰੀਮ ਕੋਰਟ ਦੀ ਇੱਕ ਮਹਿਲਾ ਕਰਮਚਾਰੀ ਨੇ ਸੈਕਸ ਸ਼ੋਸ਼ਣ ਦੇ ਦੋਸ਼ ਵੀ ਲਾਏ ਸਨ ਤੇ ਉਨ੍ਹਾਂ ਨੂੰ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਪੈਨਲ ਨੇ ਇਸ ਦੋਸ਼ ਤੋਂ ਬਰੀ ਕਰ ਦਿੱਤਾ ਸੀ। ਸਾਨੂੰ ਇਹ ਗੱਲ ਦਿਮਾਗ ਵਿੱਚ ਰੱਖਣੀ ਹੋਵੇਗੀ ਕਿ ਜਸਟਿਸ ਗੋਗੋਈ ਸੁਪਰੀਮ ਕੋਰਟ ਦੇ ਚਾਰ ਉਨ੍ਹਾਂ ਜੱਜਾਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੇ ਜਨਵਰੀ 2018 ਵਿੱਚ ਆਪਣੀ ਕਿਸਮ ਦੀ ਪਹਿਲੀ ਪ੍ਰੈੱਸ ਕਾਨਫਰੰਸ ਕੀਤੀ ਸੀ, ਜਦੋਂ ਜਸਟਿਸ ਦੀਪਕ ਮਿਸ਼ਰਾ ਚੀਫ ਜਸਟਿਸ ਸਨ। ਉਨ੍ਹਾਂ ਨੇ ਜਸਟਿਸ ਦੀਪਕ ਮਿਸ਼ਰਾ 'ਤੇ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਚੋਣਵੇਂ ਕੇਸਾਂ ਨੂੰ ਪਸੰਦੀਦਾ ਜੱਜਾਂ ਨੂੰ ਅਤੇ ਕੁਝ ਨਾਜ਼ੁਕ ਕੇਸ ਜੂਨੀਅਰ ਜੱਜਾਂ ਨੂੰ ਅਲਾਟ ਕੀਤੇ ਸਨ। ਇਸ ਨੇ ਯਕੀਨੀ ਤੌਰ 'ਤੇ ਦੇਸ਼ ਦੀ ਜੁਡੀਸ਼ਲ ਪ੍ਰਣਾਲੀ ਦੀ ਭਰੋਸੇਯੋਗਤਾ 'ਤੇ ਸਵਾਲ ਉਠਾਏ ਸਨ। 13 ਮਾਰਚ ਨੂੰ ਰਾਜ ਸਭਾ ਮੈਂਬਰ ਦੀ ਸਹੁੰ ਚੁੱਕਣ ਪਿੱਛੋਂ ਜਸਟਿਸ ਗੋਗੋਈ ਨੇ ਆਪਣੀ ਨਵੀਂ ਭੂਮਿਕਾ ਨੂੰ ਇਹ ਕਹਿ ਕੇ ਯੋਗ ਠਹਿਰਾਇਆ ਕਿ ਨਿਆਂ ਪਾਲਿਕਾ ਦੀ ਆਜ਼ਾਦੀ ਤਦੇ ਯਕੀਨੀ ਹੋ ਸਕਦੀ ਹੈ, ਜਦ ਨਿਆਂ ਪਾਲਿਕਾ ਨੂੰ ਅੱਧੀ ਦਰਜਨ ਲੋਕਾਂ ਦੀ ਮਜ਼ਬੂਤ ਪਕੜ ਤੋਂ ਮੁਕਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਤੁਸੀਂ ਜਾਣਦੇ ਹੋ, ਮੈਂ ਜਾਣਦਾ ਹਾਂ, ਉਨ੍ਹਾਂ ਦਾ ਨਾਂਅ ਕਿਉਂ ਲਿਖਿਆ ਗਿਆ।

ਆਪਣੇ ਵਿਦਾਈ ਭਾਸ਼ਣ ਵਿੱਚ ਜਸਟਿਸ ਗੋਗੋਈ ਨੇ ਇਹ ਕਿਹਾ ਸੀ ਕਿ ਕਾਨੂੰਨੀ ਪ੍ਰਣਾਲੀ ਦੇ ਕੁਝ ਹਿੱਸਿਆਂ ਵਿੱਚ ਅਰਾਜਕਤਾ ਛਾ ਗਈ ਹੈ। ਜੱਜਾਂ ਦੀਆਂ ਨਜ਼ਰਾਂ ਹੇਠਾਂ ਅੱਜਕੱਲ੍ਹ ਸਮਾਜ ਦੇ ਹਰ ਹਿੱਸੇ ਵਿੱਚ ਅਰਾਜਕਤਾ ਪੱਸਰੀ ਹੈ। ਇਸ ਦੀ ਅਣਦੇਖੀ ਸਿਆਸੀ ਆਗੂ ਅਤੇ ਪੁਲਸ ਦੇ ਉਚ ਅਧਿਕਾਰੀ ਵੀ ਕਰਦੇ ਹਨ। ਫਿਰ ਵੀ ਨਿਆਂ ਪਾਲਿਕਾ ਦਾ ਡਰ ਦੋਸ਼ੀਆਂ ਨੂੰ ਸੁਚੇਤ ਰੱਖਦਾ ਹੈ। ਰਾਜਨੀਤੀ ਦਾ ਭਵਿੱਖ ਕੀ ਹੋਵੇਗਾ, ਇਸ ਬਾਰੇ ਮੈਂ ਸੋਚਦਾ ਹਾਂ। ਕੀ ਜਸਟਿਸ ਗੋਗੋਈ ਰਾਜ ਸਭਾ ਵਿੱਚ ਕਿਰਿਆਸ਼ੀਲ ਸਿਆਸੀ ਭੂਮਿਕਾ ਨਿਭਾਉਣਗੇ। ਇਸ ਮੌਕੇ ਯਕੀਨੀ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਸਾਨੂੰ ਚੀਫ ਜਸਟਿਸ ਰੰਗਨਾਥ ਮਿਸ਼ਰਾ, ਜੋ 1991 ਵਿੱਚ ਸੇਵਾ ਮੁਕਤ ਹੋਏ ਸਨ, ਨੂੰ ਯਾਦ ਕਰਨਾ ਹੋਵੇਗਾ। ਉਨ੍ਹਾਂ ਨੂੰ ਕਾਂਗਰਸ ਨੇ ਰਾਜ ਸਭਾ ਲਈ 1998 ਵਿੱਚ ਨਾਮਜ਼ਦ ਕੀਤਾ ਸੀ। ਉਹ ਰਾਜ ਸਭਾ ਵਿੱਚ 2004 ਤੱਕ ਰਹੇ। ਉਸ ਦੇ ਬਾਅਦ ਭਾਰਤ ਦੇ ਸਾਬਕਾ ਚੀਫ ਜਸਟਿਸ ਪੀ ਸਦਾਸ਼ਿਵਮ ਨੂੰ ਮੋਦੀ ਸਰਕਾਰ ਨੇ ਕੇਰਲ ਦਾ ਗਵਰਨਰ ਨਿਯੁਕਤ ਕੀਤਾ ਸੀ। ਸਾਡੇ ਕੋਲ ਸਾਬਕਾ ਜਸਟਿਸ ਬਹਿਰੂਲ ਇਸਲਾਮ ਦਾ ਦਿਲਚਸਪ ਕੇਸ ਵੀ ਹੈ, ਜਿਨ੍ਹਾਂ ਨੂੰ ਗੁਹਾਟੀ ਹਾਈ ਕੋਰਟ ਦਾ ਜੱਜ ਨਾਮਜ਼ਦ ਕਰਨ ਤੋਂ ਪਹਿਲਾਂ ਰਾਜ ਸਭਾ ਮੈਂਬਰ ਬਣਾਇਆ ਗਿਆ ਸੀ। 1980 'ਚ ਉਨ੍ਹਾਂ ਨੂੰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ ਗਿਆ। ਉਨ੍ਹਾਂ ਨੇ ਇਥੋਂ ਤੱਕ ਕਿ ਓਦੋਂ ਦੇ ਬਿਹਾਰ ਦੇ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਨੂੰ ਅਰਬਨ ਕੋਆਪਰੇਟਿਵ ਬੈਂਕ ਘਪਲੇ ਵਿੱਚ ਬਰੀ ਕਰ ਦਿੱਤਾ ਸੀ। ਉਸ ਪਿੱਛੋਂ ਉਨ੍ਹਾਂ ਨੇ ਬਤੌਰ ਜੱਜ ਅਸਤੀਫਾ ਦੇ ਦਿੱਤਾ ਸੀ ਅਤੇ ਇੱਕ ਵਾਰ ਫਿਰ ਰਾਜ ਸਭਾ ਦੇ ਮੈਂਬਰ ਬਣ ਗਏ।

ਕੀ ਇਹ ਨਿਆਂ ਪਾਲਿਕਾ ਦਾ ਕੋਟ ਲਾਹ ਕੇ ਸਿਆਸੀ ਕੋਟ ਪਹਿਨਣ ਦਾ ਸ਼ੱਕੀ ਕੇਸ ਨਹੀਂ? ਭਾਰਤ 'ਚ ਸਭ ਕੁਝ ਮਿਲ ਸਕਦਾ ਹੈ, ਭਾਵੇਂ ਜਿਸ ਦੀ ਵੀ ਸਰਕਾਰ ਹੋਵੇ। ਇਹ ਗੱਲ ਦੱਸਦੀ ਹੈ ਕਿ ਕਿਵੇਂ ਨਿਆਂ ਪਾਲਿਕਾ ਸਿਆਸੀ ਆਗੂਆਂ ਦੇ ਰੰਗ ਤੇ ਉਨ੍ਹਾਂ ਦੇ ਹੜ੍ਹ ਦੀ ਲਪੇਟ ਵਿੱਚ ਆ ਜਾਂਦੀ ਹੈ। ਇਹ ਇਸ ਲਈ ਹੁੰਦਾ ਹੈ ਕਿ ਚੋਣ, ਨਿਯੁਕਤੀ, ਸੇਵਾ ਅਤੇ ਹੋਰ ਲਾਭਾਂ ਲਈ ਨਿਆਂ ਪਾਲਿਕਾ ਮੁਕੰਮਲ ਤੌਰ 'ਤੇ ਸੱਤਾ ਭੋਗ ਰਹੇ ਸਿਆਸੀ ਆਗੂਆਂ ਦੇ ਆਸਰੇ ਹੁੰਦੀ ਹੈ।

ਜਸਟਿਸ ਰੰਜਨ ਗੋਗੋਈ ਦੇ ਕੇਸ ਤੋਂ ਪਰ੍ਹੇ ਹਟੀਏ ਤਾਂ ਮੈਂ ਉਤਸ਼ਾਹ ਨਾਲ ਮੰਨਦਾ ਹਾਂ ਕਿ ਭਾਰਤੀ ਨਿਆਂ ਪਾਲਿਕਾ ਅਤੇ ਸੰਬੰਧਤ ਕੇਸ ਪੂਰੀ ਤਰ੍ਹਾਂ ਨਜ਼ਦੀਕੀ ਆਲੋਚਨਾ ਮੰਗਦੇ ਹਨ। ਮਾਮਲਿਆਂ ਨੂੰ ਸਹੀ ਕਰਨ 'ਚ ਇੱਕ ਚੁਣਿਆ ਹੋਇਆ ਦ੍ਰਿਸ਼ਟੀਕੋਣ ਮਦਦ ਨਹੀਂ ਕਰੇਗਾ। ਨਿਆਂ ਪਾਲਿਕਾ ਦੀ ਸਥਿਤੀ, ਗੁਣਵੱਤਾ ਅਤੇ ਜੱਜਾਂ ਦੀ ਜਵਾਬਦੇਹੀ 'ਤੇ ਵਿਆਪਕ ਜਨਤਕ ਬਹਿਸ ਪਹਿਲਾਂ ਤੋਂ ਹੀ ਚੱਲ ਰਹੀ ਹੈ। ਇਥੇ ਸਵਾਲ ਸੰਵਿਧਾਨ ਬਚਾਉਣ ਦਾ ਨਹੀਂ, ਦੇਸ਼ ਨੂੰ ਬਚਾਉਣ ਦਾ ਹੈ ਅਤੇ ਰਾਜਨੀਤੀ ਖਾਸ ਤੌਰ ਉਤੇ ਨਿਆਂ ਪਾਲਿਕਾ ਨੂੰ ਬਿਹਤਰ ਬਣਾਉਣ ਦਾ ਹੈ, ਜੋ ਯੋਗ ਅਤੇ ਲੋਕਤੰਤਰਿਕ ਤਰੀਕੇ ਨਾਲ ਕੰਮ ਕਰੇਗਾ। ਇਸ ਨੂੰ ਉਦਾਰ ਰਹਿ ਕੇ ਆਮ ਆਦਮੀ ਦਾ ਧਿਆਨ ਰੱਖਣਾ ਹੋਵੇਗਾ। ਬੰਬੇ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਬੀ ਲੈਟਿਨ ਨੇ ਇੱਕ ਵਾਰ ਕਿਹਾ ਸੀ ਕਿ ਨਾ ਸੰਵਿਧਾਨ ਨੇ ਲੋਕਾਂ ਨੂੰ ਨਸ਼ਟ ਕੀਤਾ ਅਤੇ ਨਾ ਹੀ ਭਾਰਤੀ ਲੋਕਾਂ ਨੇ ਸੰਵਿਧਾਨ ਨੂੰ ਨਸ਼ਟ ਕੀਤਾ। ਇਹ ਤਾਂ ਸਿਰਫ ਬੇਸ਼ਰਮ ਸਿਆਸੀ ਆਗੂ ਹਨ, ਜਿਨ੍ਹਾਂ ਨੇ ਦੋਵਾਂ ਨੂੰ ਨਸ਼ਟ ਕੀਤਾ ਹੈ। ਜਸਟਿਸ ਗੋਗੋਈ ਦੇ ਰਾਜ ਸਭਾ ਵਿੱਚ ਨਾਮਜ਼ਦਗੀ ਤੋਂ ਪਰ੍ਹੇ ਦੇਖਦੇ ਹੋਏ ਮੈਂ ਇਮਾਨਦਾਰੀ ਨਾਲ ਮਹਿਸੂਸ ਕਰਦਾ ਹਾਂ ਕਿ ਸਾਡੇ ਸਾਹਮਣੇ ਨਿਆਂ ਪਾਲਿਕਾ ਦੀ ਆਜ਼ਾਦੀ ਨੂੰ ਯਕੀਨੀ ਬਣਾਉਣ ਦੀ ਚੁਣੌਤੀ ਹੈ, ਜੋ ਇਕੱਲੀ ਹੀ ਸਾਡੇ ਲੋਕਤੰਤਰ ਦੇ ਭਵਿੱਖ ਲਈ ਕੁਝ ਆਸ ਜਗਾਵੇਗੀ। ਇਸ ਨਾਲ ਸੂਚਨਾ ਦਾ ਪ੍ਰਵਾਹ ਮੁਕਤ ਹੋਵੇਗਾ ਅਤੇ ਮੀਡੀਆ ਦੀ ਨਿਡਰ ਕਾਰਜ ਪ੍ਰਣਾਲੀ ਵੀ ਕਾਇਮ ਹੋਵੇਗੀ।







## ਧਰਮਸ਼ਾਲਾ ਭਾਈ ਹਰਨਾਮ ਸਿੰਘ, ਬੁੱਚੇਕੀ, ਜ਼ਿਲਾ ਸ਼ੇਖ਼ੂਪੁਰਾ



ਬੁੱਚੇਕੀ ਨਾਮੀ ਕਸਬਾ ਲਾਹੌਰ ਜੜਾਂਵਾਲਾ ਰੋਡ ਉੱਤੇ ਬਹੁਤ ਮਸ਼ਹੂਰ ਹੈ। ਪੁਰਾਣਾ ਸ਼ਹਿਰ ਸੜਕ ਤੋਂ ਕੋਈ ਇੱਕ ਕਿਲੋਮੀਟਰ ਹਟ ਕੇ ਹੈ। ਪੁਰਾਣੇ ਸ਼ਹਿਰ ਦੇ ਮੁਹੱਲੇ ਧਰਮਸ਼ਾਲਾ ਵਿੱਚ ਭਾਈ ਹਰਨਾਮ ਸਿੰਘ ਜੀ ਦੀ ਧਰਮਸ਼ਾਲਾ ਹੈ। ਇਹ ਇੱਕ ਬਹੁਤ ਹੀ ਸੁੰਦਰ ਇਮਾਰਤ ਸੀ। ਹੁਣ ਇਸ ਵਿੱਚ ਬਹੁਤ ਸਾਰੇ ਸ਼ਰਨਾਰਥੀਆਂ ਦੇ ਘਰ ਵਸ ਗਏ ਹਨ । ਉਹਨਾਂ ਨੇ ਇਸ ਇਮਾਰਤ ਦਾ ਸਾਰਾ ਹੁਸਨ ਬਰਬਾਦ ਕਰ ਦਿੱਤਾ ਹੈ। ਹੁਣ ਤਾਂ ਇਸ ਥਾਂ ਨੂੰ ਪਛਾਣਨਾ ਵੀ ਔਖਾ ਹੈ।

ਭਾਈ ਹਰਨਾਮ ਸਿੰਘ ਜੀ ਗੁਰੂ ਅਰਜਨ ਦੇਵ ਜੀ ਦੇ ਸਿੱਖ ਸਨ। ਉਹਨਾ ਦਾ ਪ੍ਰੇਮ ਵੇਖ ਕੇ ਹੀ ਗੁਰੂ ਸਾਹਿਬ ਨੇ ਨਨਕਾਣਾ ਸਾਹਿਬ ਤੋਂ ਇੱਥੇ ਚਰਨ ਪਾਏ।ਜਿੱਥੇ ਆਪ ਬਿਰਾਹੇ, ਉਹ ਪੂਜਾ ਅਸਥਾਨ ਬਣ ਗਿਆ। ਇਸ ਪਿੰਡ ਤੋਂ ਬਾਹਰ ਦੀ ਆਬਾਦੀ ਭੋਰੇ ਵਿੱਚ ਵੀ ਗੁਰੂ ਜੀ ਦੇ ਬਿਰਾਜਣ ਦਾ ਅਸਥਾਨ ਹੈ, ਜਿੱਥੇ ਹੁਣ ਬੱਚਿਆਂ ਦਾ ਸਕੂਲ ਹੈ। ਦਸ ਚੇਤਰ ਨੂੰ ਮੇਲਾ ਜੁੜਦਾ ਹੁੰਦਾ ਸੀ।

# ਜਦੋਂ ਮਿਲ ਕੇ ਸਾਂਝੇ ਕੀਤੇ ਉਹ ਦਿਨ

**-ਪ੍ਰਭਜੋਤ ਕੌਰ ਢਿੱਲੋਂ-**

ਜਦੋਂ ਅਸੀਂ ਆਪਣੇ ਪੁਰਾਣੇ ਦੋਸਤਾਂ-ਮਿੱਤਰਾਂ ਜਾਂ ਸਹੇਲੀਆਂ ਨੂੰ ਮਿਲਦੇ ਹਾਂ ਤਾਂ ਪ੍ਰਾਪਤ ਹੋਈ ਖੁਸ਼ੀ ਬਿਆਨ ਕਰਨਾ ਏਨਾ ਹੀ ਔਖਾ ਹੁੰਦਾ ਹੈ, ਜਿੰਨਾ ਗੂੰਗੇ ਦਾ ਗੁੜ ਖਾਣ ਤੋਂ ਬਾਅਦ ਬਿਆਨ ਕਰਨਾ। ਹਰ ਉਮਰ ਵਿੱਚ ਬਣੇ ਰਿਸ਼ਤੇ ਤੇ ਸਾਂਝਾਂ ਆਪਣੇ ਆਪ ਵਿੱਚ ਬਹੁਤ ਕੁਝ ਸਮੇਟ ਲੈਂਦੀਆਂ ਹਨ। ਇਨ੍ਹਾਂ ਦੀ ਸਮਝ ਅਤੇ ਮਹੱਤਤਾ ਉਸ ਸਮੇਂ ਨਹੀਂ ਹੁੰਦੀ, ਪਰ ਜਦੋਂ ਕੁਝ ਸਾਲ ਬੀਤ ਜਾਂਦੇ ਹਨ ਤਾਂ ਇੱਕ ਵੱਖਰੀ ਖਿੱਚ ਪੈਦਾ ਹੁੰਦੀ ਹੈ। ਇਵੇਂ ਦੀ ਹੀ ਗੱਲ ਜਾਂ ਮਿਲਣੀ ਮੈਂ ਤੁਹਾਡੇ ਨਾਲ ਸਾਂਝੀ ਕਰਨ ਲੱਗੀ ਹਾਂ।

ਕੁਝ ਮਹੀਨੇ ਪਹਿਲਾਂ ਮੈਨੂੰ ਫੇਸਬੁਕ ’ਤੇ ਮੇਰੀ ਜਮਾਤਣ ਮਿਲ ਗਈ। ਅਸੀਂ ਇੱਕ ਜਮਾਤ ਵਿੱਚ ਤਾਂ ਪੜ੍ਹਦੀਆਂ ਹੀ ਸੀ, ਹੋਸਟਲ ਵਿੱਚ ਸਾਡਾ ਕਮਰਾ ਵੀ ਸਾਂਝਾ ਸੀ। ਇਹ ਗੱਲ ਸੰਨ 1977-78 ਦੀ ਹੈ। ਉਸ ਸਮੇਂ ਵਧੇਰੇ ਕਰ ਕੇ ਹੋਸਟਲ ਵਿੱਚ ਲੜਕੀਆਂ ਨੂੰ ਛੱਡਿਆ ਜਾਂਦਾ ਸੀ। ਖੈਰ ਗੱਲ ਕਰਦੀ ਹਾਂ ਉਸ ਸਹੇਲੀ ਦੀ ਜੋ ਫੇਸਬੁਕ ਉੱਤੇ ਕੋਈ ਚਾਰ ਦਹਾਕਿਆਂ ਬਾਅਦ ਮਿਲੀ। ਇਥੇ ਫੇਸਬੁਕ ਦਾ ਧੰਨਵਾਦ ਕਰਨਾ ਵੀ ਬਣਦਾ ਹੈ। ਮੇਰੀ ਸਹੇਲੀ ਦਾ ਬੀ ਏ ਕਰਨ ਤੋਂ ਬਾਅਦ ਵਿਆਹ ਹੋ ਗਿਆ ਤੇ ਉਹ ਅਮਰੀਕਾ ਚਲੀ ਗਈ। ਮੈਂ ਐੱਮ ਏ ਕੀਤੀ ਅਤੇ ਆਪਣੇ ਪਤੀ ਨਾਲ ਫੌਜ ਦੀ ਜ਼ਿੰਦਗੀ ਵਿੱਚ ਰੁੱਝ ਗਈ। ਮਹਿਲਾ ਦਿਵਸ ’ਤੇ ਮੇਰੀ ਸਹੇਲੀ ਪ੍ਰਵੇਜ਼ ਸੰਧੂ ਦਾ ਫੋਨ ਆਇਆ ਕਿ ਮੈਂ ਖਰੜ ਆਈ ਹੋਈ ਹਾਂ। ਉਸ ਨੂੰ ਵੀ ਤਾਂਘ ਸੀ ਮਿਲਣ ਦੀ ਤੇ ਮੈਨੂੰ ਵੀ। ਅਸੀਂ ਪ੍ਰੋਗਰਾਮ ਬਣਾਇਆ ਅਤੇ ਮੈਂ ਉਸ ਨੂੰ ਮਿਲਣ ਵਾਸਤੇ ਉਸ ਦੀ ਭੈਣ ਦੇ ਘਰ ਮੋਹਾਲੀ ਤੇ ਖਰੜ ਗਈ। ਮੈਂ ਆਪਣੇ ਪਤੀ ਨਾਲ ਹਿਸਾਬ ਲਾਇਆ ਤਾਂ ਅਸੀਂ 42 ਸਾਲ ਬਾਅਦ ਮਿਲ ਰਹੀਆਂ ਸੀ, ਪਰ ਸਾਰਾ ਕੁਝ ਇਉਂ ਯਾਦ ਸੀ, ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ। ਸਾਨੂੰ ਕਾਲਜ ਅਤੇ ਹੋਸਟਲ ਦੀਆਂ ਗੱਲਾਂ ਸਭ ਇਵੇਂ ਲੱਗ ਰਹੀਆਂ ਸਨ ਜਿਵੇਂ ਇਹ ਕੋਈ ਬਹੁਤ ਪੁਰਾਣੀ ਗੱਲ ਨਹੀਂ। ਮੈਨੂੰ ਯਾਦ ਹੈ ਅਸੀਂ ਸਵੇਰੇ ਜਲਦੀ ਭੱਜਣਾ ਤਾਂ ਕਿ ਨਹਾਉਣ ਵਾਸਤੇ ਬਾਥਰੂਮ ਮਿਲ ਜਾਵੇ। ਬਾਲਟੀ ਅਤੇ ਮੱਗ ਦਾ ਰੌਲਾ ਹਮੇਸ਼ਾ ਪੈਣਾ। ਇੱਕ ਰੌਲਾ ਖਤਮ ਹੋਣਾ ਤਾਂ ਨਾਸ਼ਤੇ ਦਾ ਰੌਲਾ ਪੈ ਜਾਣਾ। ਸਾਡੀਆਂ ਪਲੇਟਾਂ ਆਮ ਕਰ ਕੇ ਗੁਆਚੀਆਂ ਹੀ ਹੁੰਦੀਆਂ ਸੀ। ਇੱਕ ਪਲੇਟ ਵਿੱਚ ਬਰੈਡ ਦੇ ਮਿਲਣ ਵਾਲੇ ਚਾਰ-ਚਾਰ ਪੀਸ ਰੱਖ ਲੈਣੇ, ਪਰੌਂਠੇ ਹੋਣੇ ਤਾਂ ਇੱਕ ਪਲੇਟ ਦੇ ਇੱਕ ਪਾਸੇ ਆਚਾਰ ਰੱਖ ਲੈਣਾ ਅਤੇ ਇਵੇਂ ਹੀ ਖਾ ਲੈਣੇ। ਚਾਹ ਜਾਂ ਦੁੱਧ ਲਈ ਗਲਾਸ ਦਾ ਪ੍ਰਬੰਧ ਆਪੋ ਆਪਣਾ ਕਰ ਲੈਂਦੇ। ਉਦੋਂ ਨਾ ਸ਼ਰਮ ਆਉਂਦੀ ਸੀ ਤੇ ਨਾ ਬੇਇੱਜ਼ਤੀ ਮਹਿਸੂਸ ਹੁੰਦੀ ਸੀ। ਹੋਸਟਲ ਦਾ ਇਵੇਂ ਦਾ ਹੀ ਮਾਹੌਲ ਹੁੰਦਾ ਹੈ। ਜਿਸ ਨੇ ਖਾਣਾ ਖਾ ਲੈਣਾ, ਉਸ ਦੇ ਬਰਤਨ ਕਿਸੇ ਨਾ ਕਿਸੇ ਨੇ ਮੰਗ ਲੈਣੇ। ਅਸੀਂ ਇੱਕ ਕਮਰੇ ਵਿੱਚ ਚਾਰ ਲੜਕੀਆਂ ਸੀ, ਹੋਸਟਲ ਵਾਰਡਨ ਦਾ ਕਮਰਾ ਸਾਡੇ ਤੋਂ ਦੋ ਕਮਰੇ ਛੱਡ ਕੇ ਸੀ, ਇਸ ਕਰ ਕੇ ਸਾਡੇ ’ਤੇ ਅੱਖ ਤਾਂ ਰਹਿੰਦੀ ਸੀ। ਉਸ ਦਿਨ ਅਸੀਂ ਬੈਠ ਕੇ ਉਹ ਦਿਨ ਯਾਦ ਕੀਤੇ।

ਪ੍ਰਵੇਜ਼ ਬਹੁਤ ਮਸਤ ਰਹਿੰਦੀ ਸੀ, ਚੁੱਪ ਪਰ ਸ਼ਰਾਰਤੀ। ਹੋਸਟਚਲ ਵਾਰਡਨ ਧਿਆਨ ਰੱਖਦੀ ਕਿ ਹੋਸਟਲ ਦੀਆਂ ਲੜਕੀਆਂ ਕਾਲਜ ਵਿੱਚ ਕਲਾਸਾਂ ਪੂਰੀਆਂ ਲਾਉਣ, ਪਰ ਉਸ ਦੇ ਬਾਵਜੂਦ ਵੀ ਕਲਾਸਾਂ ਨਾ ਲਾਉਣ ਦਾ ਸਿਲਸਿਲਾ ਰੁਕਿਆ ਨਹੀਂ। ਕਦੇ ਉਸ ਨੇ ਸਾਨੂੰ ਕਾਲਜ ਦੀ ਕੰਟੀਨ ਵਿੱਚ ਬੈਠਿਆਂ ਫੜਨਾ ਤੇ ਕਦੇ ਕਾਲਜ ਦੀ ਗਰਾਊਂਡ ਵਿੱਚ। ਫਿਰ ਆਪਣੇ ਕਮਰੇ ਵਿੱਚ ਬੁਲਾ ਕੇ ਸਾਡੀ ਚੰਗੀ ਸੇਵਾ ਹੋਣੀ। ਉਥੇ ਹਰ ਰੋਜ਼ ਕਿਸੇ ਨਾ ਕਿਸੇ ਦਾ ਨੰਬਰ ਲੱਗਿਆ ਹੁੰਦਾ ਸੀ। ਵਾਰਡਨ ਦੇ ਕਮਰੇ ਵਿੱਚ ਸੁਸਰੀ ਵਾਂਗ ਹੁੰਦੇ ਤੇ ਬਾਹਰ ਨਿਕਲਦੇ ਹੀ ਫਿਰ ਉਵੇਂ ਦੇ। ਹੋਸਟਲ ਵਿੱਚ ਸਭ ਦਾ ਹਾਲ ਇਹੀ ਸੀ, “ਦੋ ਪਈਆਂ ਵਿਸਰ ਗਈਆਂ।” ਪ੍ਰਵੇਜ਼ ਨੇ ਕਮਰੇ ਦੇ ਨਾਲ ਬਣੇ ਬਰਾਂਡੇ ਵਿੱਚ ਖੜ੍ਹੇ ਹੋ ਕੇ ਪੁਰਾਣੇ ਹਿੰਦੀ ਗੀਤ ਪੂਰੀ ਆਵਾਜ਼ ਵਿੱਚ ਗਾਉਣੇ। ਉਹ ਸ਼ਿਵ ਕੁਮਾਰ ਬਟਾਲਵੀ ਦੇ ਗਾਣੇ ਵੀ ਗਾਉਂਦੀ ਸੀ। ਉਸ ਸਮੇਂ ਸਾਨੂੰ ਬੜਾ ਮਜ਼ਾ ਆਉਂਦਾ ਸੀ। ਉਸ ਨੇ ਸ਼ੁਰੂ ਕਰਨਾ ਤੇ ਅਸੀਂ ਵੀ ਉਥੇ ਆ ਖੜ੍ਹੇ ਹੋਣਾ ਤੇ ਕੁਝ ਸਾਡੇ ਵਰਗੀਆਂ ਹੋਰ ਸੀ, ਉਨ੍ਹਾਂ ਨੇ ਆਪਣੇ ਆਪਣੇ ਕਮਰਿਆਂ ਵਿੱਚੋਂ ਆਵਾਜ਼ ਮਿਲਾ ਲੈਣੀ। ਅਸੀਂ ਬੀ ਏ ਫਾਈਨਲ ਵਿੱਚ ਸੀ, ਇਸ ਕਰ ਕੇ ਹੋਸਟਲ ਵਿੱਚ ਸੀਨੀਅਰ ਸੀ। ਵਾਰਡਨ ਨੇ ਹਮੇਸ਼ਾ ਸੀਨੀਅਰ ਹੋਣ ਦੀ ਗੱਲ ਕਰਨੀ। ਸ਼ਾਇਦ ਉਦੋਂ ਅਸੀਂ ਮਜ਼ੇ ਵੀ ਬਹੁਤ ਕੀਤੇ, ਪੜ੍ਹਨਾ ਔਖਾ ਵੀ ਲੱਗਦਾ ਸੀ, ਪਰ ਮਿਲ ਕੇ ਗੱਲਾਂ ਕਰ ਕੇ ਇਵੇਂ ਲੱਗਿਆ ਜਿਵੇਂ ਉਹ ਬਹੁਤ ਵਧੀਆ ਸਨ। ਹਾਂ, ਸਾਨੂੰ ਉਦੋਂ ਇਹ ਨਹੀਂ ਸੀ ਪਤਾ ਕਿ ਅਸੀਂ ਕਦੇ ਲਿਖਾਂਗੇ, ਕਦੇ ਸਾਡੀਆਂ ਕਿਤਾਬਾਂ ਛਪਣਗੀਆਂ। ਅਸੀਂ ਇੱਕ ਦੂਜੇ ਨੂੰ ਆਪਣੀਆਂ ਕਿਤਾਬਾਂ ਵੀ ਤੋਹਫੇ ਵਜੋਂ ਦੇਵਾਂਗੇ। ਇਹ ਕਦੇ ਸੋਚਿਆ ਨਹੀਂ ਸੀ ਕਿ ਅਸੀਂ ਪੰਜਾਬੀ ਸਾਹਿਤ ਦੀਆਂ ਗੱਲਾਂ ਵੀ ਕਰਾਂਗੇ। ਸਾਡੀ ਮਿਲਣੀ ਵਿੱਚ ਦੀਪਤੀ ਬਬੂਟਾ ਵਰਗੀ ਕਹਾਣੀਕਾਰ ਵੀ ਹੋਏਗੀ। ਪ੍ਰਵੇਜ਼ ਸੰਧੂ ਅਮਰੀਕਾ ਵਿੱਚ ਰਹਿ ਰਹੀ ਹੈ। ਪਿਛਲੇ ਲੰਮੇ ਸਮੇਂ ਤੋਂ ਲਿਖ ਰਹੀ ਹੈ ਤੇ ਸਥਾਪਤ ਲੇਖਿਕਾ ਹੈ। ਉਸ ਦੀਆਂ ਕਿਤਾਬਾਂ ਵੀ ਛਪ ਚੁੱਕੀਆਂ ਹਨ। ਉਸ ਨੇ ਦੱਸਿਆ ਕਿ ਉਹ ਪਬਲੀਕੇਸ਼ਨ ਦਾ ਵੀ ਕੰਮ ਕਰਦੀ ਹੈ ਤੇ ਜੋ ਲੇਖਕ ਕਿਤਾਬ ਛਪਵਾਉਣ ਦੀ ਸਮਰੱਥਾ ਨਹੀਂ ਰੱਖਦੇ, ਉਨ੍ਹਾਂ ਦੀਆਂ ਕਿਤਾਬਾਂ ਮੁਫਤ ਛਾਪਦੀ ਹੈ।

ਅਸਲ ਵਿੱਚ ਸਾਨੂੰ ਹੈਰਾਨੀ ਵੀ ਸੀ ਤੇ ਖੁਸ਼ੀ ਵੀ ਕਿ ਅਸੀਂ ਇਹ ਕਰ ਸਕਦੇ ਸੀ। ਅਸੀਂ ਇੱਕ ਦੂਜੇ ਨੂੰ ਉਵੇਂ ਹੀ ਜਾਣਦੇ ਹਾਂ ਜਿਵੇਂ ਦੀ ਅਸੀਂ ਹੋਸਟਲ ਵਿੱਚ। ਵਾਰਡਨ ਦੇ ਸ਼ਬਦ ਅੱਜ ਫਿਰ ਯਾਦ ਆਏ ਕਿ ‘ਪੜ੍ਹ ਲਓ, ਸਟੱਡੀ ਪੀਰੀਅਡ ਵਿੱਚ ਵੀ ਤੁਹਾਨੂੰ ਟਿਕਾਅ ਨਹੀਂ’। ਸੱਚੀਂ ਉਦੋਂ ਅਸੀਂ ਜੋ ਕਰਦੇ ਸੀ, ਗਲਤ ਨਹੀਂ ਲੱਗਦਾ ਸੀ। ਵਾਰਡਨ ਨੂੰ ਤੰਗ ਕਰਨ ਵਿੱਚ ਸਾਨੂੰ ਕੀ ਚੰਗਾ ਲੱਗਦਾ ਹੋਵੇਗਾ? ਸਮਝ ਤੋਂ ਅੱਜ ਵੀ ਬਾਹਰ ਹੈ। ਉਹ ਦੋ ਲੜਕੀਆਂ, ਜਿਹੜੀਆਂ ਆਪਣੀ ਜਮਾਤ ਵਿੱਚ ਦਿੱਤੇ ਸਵਾਲਾਂ ਦੇ ਜਵਾਬ ਲਿਖਣ ਤੋਂ ਭੱਜਦੀਆਂ ਸਨ, ਅੱਜ ਪੜ੍ਹਦੀਆਂ ਵੀ ਨੇ ਤੇ ਲਿਖਦੀਆਂ ਵੀ ਨੇ। ਹਕੀਕਤ ਇਹ ਹੈ ਕਿ ਮਹਿਲਾ ਦਿਵਸ ’ਤੇ ਸੱਚੀਂ ਸਾਡਾ ਮਿਲਣਾ ਇੱਕ ਦੂਜੇ ਨੂੰ ਤੋਹਫਾ ਹੀ ਸੀ। ਮਿਲ ਕੇ ਇਵੇਂ ਲੱਗਾ ਹੀ ਨਹੀਂ ਕਿ ਅਸੀਂ ਚਾਰ ਦਹਾਕਿਆਂ ਤੋਂ ਬਾਅਦ ਮਿਲ ਰਹੇ ਹਾਂ। ਦੋਸਤਾਂ-ਮਿੱਤਰਾਂ ਅਤੇ ਸਹੇਲੀਆਂ ਦਾ ਮਿਲਣਾ ਸੱਚੀਂ ਉਹ ਖੁਸ਼ੀ ਹੈ, ਜੋ ਪੈਸੇ ਨਾਲ ਨਾ ਖਰੀਦੀ ਜਾ ਸਕਦੀ ਹੈ ਤੇ ਨਾ ਮਹਿਸੂਸ ਕੀਤੀ ਜਾ ਸਕਦੀ ਹੈ। ਇਹ ਦਿਨ ਯਾਦਗਾਰੀ ਬਣ ਗਿਆ।

### ਹਲਕਾ ਫੁਲਕਾ

ਟੀਚਰ, “ਮੈਂ ਤੈਨੂੰ ਥੱਪੜ ਮਾਰਿਆ, ਇਸ ਦਾ ਭਵਿੱਖ ਕਾਲ ਦੱਸ।”
ਕਮਲ, “ਮੈਡਮ, ਛੁੱਟੀ ਤੋਂ ਬਾਅਦ ਤੁਹਾਡੀ ਐਕਟਿਵਾ ਪੰਕਚਰ ਮਿਲੇਗੀ।”

*********

ਪਤਨੀ, “ਮੱਝ ਅੱਗੇ ਬੀਨ ਵਜਾਉਣੀ, ਇਸ ਮੁਹਾਵਰੇ ਦਾ ਮਤਲਬ ਕੀ ਹੈ?”
ਪਤੀ, “ਮੇਰੇ ਇੰਨਾ ਚੀਕਣ 'ਤੇ ਵੀ ਤੂੰ ਜੋ ਦੋ ਮਿੰਟ ਕਹਿੰਦੀ ਤੇ ਦੋ ਘੰਟੇ ਵਿੱਚ ਤਿਆਰ ਹੁੰਦੀ ਏਂ ਨਾ, ਬੱਸ ਇਸ ਮੁਹਾਵਰੇ ਦਾ ਮਤਲਬ ਇਹੋ ਹੁੰਦਾ ਹੈ।”

*********

ਮੁੰਡਾ, “ਸਾਡਾ ਪ੍ਰਿੰਸੀਪਲ ਬੜਾ ਗੁੱਸੇਖੋਰ ਤੇ ਕਮੀਨਾ ਹੈ।”
ਕੁੜੀ, “ਤੈਨੂੰ ਪਤਾ ਹੈ ਮੈਂ ਕੌਣ ਹਾਂ?”
ਮੁੰਡਾ, “ਨਹੀਂ।”
ਕੁੜੀ, “ਮੈਂ ਪ੍ਰਿੰਸੀਪਲ ਦੀ ਬੇਟੀ ਹਾਂ।”
ਮੁੰਡਾ, “ਤੈਨੂੰ ਪਤਾ ਹੈ ਮੈਂ ਕੌਣ ਹਾਂ?”
ਕੁੜੀ, “ਨਹੀਂ।”
ਮੁੰਡਾ, “ਰੱਬ ਦਾ ਸ਼ੁਕਰ ਹੈ।”
ਮੁੰਡਾ ਗਾਇਬ।

# ਕਰੋਨਾ ਦਾ ਇਕ ਪਹਿਲੂ ਇਹ ਵੀ

**-ਡਾ. ਗੁਰਬਖ਼ਸ਼ ਸਿੰਘ ਭੰਡਾਲ**

ਕਰੋਨਾਵਾਇਰਸ ਦੇ ਕਹਿਰ ਨੇ ਸਾਰੀ ਦੁਨੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਹਰ ਦੇਸ਼ ਆਪਣੇ ਸਾਧਨਾਂ ਅਤੇ ਸਮਰੱਥਾ ਅਨੁਸਾਰ ਇਸਦਾ ਸਾਹਮਣਾ ਕਰ ਰਿਹਾ ਹੈ ਤਾਂ ਕਿ ਆਪਣੇ ਨਾਗਰਕਿਾਂ ਨੂੰ ਸਿਹਤਮੰਦ ਰੱਖਿਆ ਜਾ ਸਕੇ। ਇਤਿ-ਹਆਤ ਵਰਤਣ ਦੀਆਂ ਨਸੀਹਤਾਂ ਦਿਤੀਆਂ ਜਾ ਰਹੀਆਂ ਨੇ। ਸੰਸਾਰ ਦੀ ਅਰਥ-ਵਿਵਸਥਾ ਡਾਵਾਂ ਡੋਲ ਹੋ ਗਈ ਹੈ। ਇਕ ਪਿੰਡ ਬਣੀ ਦੁਨੀਆਂ ਫਿਰ ਆਪੋ-ਆਪਣਿਆਂ ਦਾਇਰਿਆਂ ਵਿਚ ਸੀਮਤ ਹੋ ਗਈ ਹੈ। ਅੰਤਰ-ਰਾਸ਼ਟਰੀ ਸਰਹੱਦਾਂ ਬੰਦ ਨੇ। ਹਵਾਈ ਉਡਾਣਾਂ ਬੰਦ। ਸਮੁੱਚੀ ਆਵਾਜਾਈ ਬੰਦ ਹੋਣ ਨਾਲ ਲੋਕ ਆਪੋ-ਆਪਣੇ ਘਰਾਂ ਵਿਚ ਰਹਿਣ ਲਈ ਮਜ਼ਬੂਰ। ਵਿਦਿਅਕ ਅਦਾਰੇ, ਖੇਡ ਮੈਦਾਨ, ਮਨੋਰੰਜਨ ਦੇ ਕੇਂਦਰ, ਵਪਾਰਕ ਅਦਾਰੇ ਜਾਂ ਹੋਟਲ/ਰੈਸਟੋਰੈਂਟ ਬੰਦ ਹੋ ਗਏ ਨੇ ਅਤੇ ਸਿਮਟ ਗਈ ਏ ਮਨੁੱਖੀ ਭਟਕਣਾ।

ਕਰੋਨਾ ਵਾਇਰਸ ਦੇ ਹੋਣ ਵਾਲੇ ਪ੍ਰਭਾਵਾਂ ਬਾਰੇ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਕਿ ਸਮੁੱਚੀ ਦੁਨੀਆਂ ਹੀ ਰੁੱਕ ਜਾਵੇਗੀ। ਸਿਸਟਮ ਸਥਿੱਲ ਹੋ ਜਾਵੇਗਾ। ਸਮੁੱਚੀ ਦੁਨੀਆਂ ਘਰਾਂ ਵਿਚ ਬੰਦ। ਲੋਕ ਬਿਮਾਰ ਹੋ ਰਹੇ ਨੇ। ਕੁਝ ਇਕਾਂਤਵਾਸ ਵਿਚ ਰਹਿਣ ਲਈ ਮਜ਼ਬੂਰ। ਜ਼ਿਆਦਾ ਗੰਭੀਰ ਮਰੀਜ ਹਸਪਤਾਲਾਂ ਵਿਚ ਵੱਖਰੇ ਰੱਖੇ ਜਾ ਰਹੇ ਨੇ। ਪਰਕਰੋਨਾ ਵਾਇਰਸ ਨੇ ਮਨੁੱਖ ਨੂੰ ਇਹ ਵੀ ਸਮਝਾ ਦਿਤਾ ਕਿ ਮਨੁੱਖ ਕਿੰਨਾ ਵੀ ਵੱਡਾ ਹੋ ਜਾਵੇ, ਕੁਦਰਤੀ ਭਿਆਨਤਾ ਸਾਹਵੇਂ ਬਹੁਤ ਹੀ ਨਿਗੂਣਾ ਏ। ਇਸ ਕੁਦਰਤੀ ਮਹਾਂਮਾਰੀ ਨੇ ਐਟਮੀ ਤੇ ਬਾਇਓਲੋਜੀਕਲ ਯੁੱਧ ਦੀ ਤਿਆਰੀ ਵਿਚ ਰੁੱਝਿਆਂ ਦੇਸ਼ਾਂ ਨੂੰ ਵੀ ਇਹ ਦਰਸਾ ਦਿਤਾ ਕਿ ਅਜੇਹੇ ਹਥਿਆਰਾਂ ਨਾਲ ਲੜੀ ਜਾਣ ਵਾਲੀ ਭਵਿੱਖੀ ਜੰਗ ਦੌਰਾਨ ਮਨੁੱਖਤਾ ਦਾ ਕੀ ਹਾਸ਼ਰ ਹੋਵੇਗਾ?

ਕਰੋਨਾ ਦੇ ਕਹਿਰ ਕਾਰਨ ਸੜਕਾਂ ਸੁੰਨਸਾਨ ਹਨ। ਸੜਕਾਂ ਨੂੰ ਮਿਲੇਗਾ ਅਰਾਮ। ਕੁਝ ਰਾਹਤ ਜਰੂਰ ਮਹਿਸੂਸ ਕਰਨਗੀਆਂ। ਹਵਾ ਦੇ ਪ੍ਰਦੂਸ਼ਣ ਕਾਰਨ ਅਸਮਾਨ ਕਦੇ ਵੀ ਨੀਲਾ ਦਿਖਾਈ ਨਹੀਂ ਸੀ ਦੇਂਦਾ। ਹੁਣ ਪਲੀਤਪੁਣੇ ਦੇ ਘਟਣ ਨਾਲ ਅੰਬਰ ਅਤੇ ਇਸਦੇ ਵਿਹੜੇ ਵਿਚ ਜਗਦੇ ਤਾਰਿਆਂ ਨੂੰ ਮਿਲਣ ਅਤੇ ਇਹਨਾਂ ਨਾਲ ਸੰਵਾਦ ਰਚਾਉਣ ਦੀ ਤਮੰਨਾ, ਮਨੁੱਖੀ ਮਨ ਵਿਚ ਜਰੂਰ ਪੈਦਾ ਹੋਵੇਗੀ। ਮਨੁੱਖ ਨੂੰ ਸ਼ਾਇਦ ਪਤਾ ਲੱਗੇ ਕਿ ਅੰਬਰ ਦੀ ਸੁੰਦਰਤਾ ਨੂੰ ਨਿਹਾਰਨ ਅਤੇ ਇਸਨੂੰ ਅੰਤਰੀਵ ਵਿਚ ਵਸਾਉਣ ਤੋਂ ਕਿੰਨੇ ਦੂਰ ਚਲੇ ਗਏ ਸਾਂ?

ਦੁਨੀਆਂ ਦੇ ਭੀੜ-ਭੜੱਕੇ ਤੇ ਸ਼ੋਰਓਗੁੱਲ ਵਿਚ ਗਵਾਚ ਗਿਆ ਚਿੜੀਆਂ ਦਾ ਚਹਿਕਣਾ, ਪਰਿੰਦਿਆਂ ਦੇ ਬੋਲ, ਪੱਤਿਆਂ ਦੀ ਸੰਗੀਤਕਤਾ ਅਤੇ ਹਵਾ ਦੀ ਰੁੱਮਕਣੀ ਨੂੰ ਮਨੁੱਖ ਹੁਣ ਜਰੂਰ ਸੁਣਦਾ ਹੋਵੇਗਾ ਜਿਹਨਾਂ ਦੀ ਮਧੁਰਤਾ ਤੋਂ ਮਹਿਰੂਮ ਹੋਇਆ ਬੰਦਾ, ਖੁਦ ਤੋਂ ਹੀ ਬੇਮੁੱਖੀ ਦੀ ਜੂਨ ਹੰਢਾ ਰਿਹਾ ਸੀ। ਆਦਮੀ ਨੂੰ ਜਰੂਰ ਸੁਣਦਾ ਹੋਵੇਗਾ ਮਨ ਵਿਚੋਂ ਉਠੀਆਂ ਭਾਵ-ਤਰੰਗਾਂ ਦਾ ਗੁਣਗਾਣ ਅਤੇ ਸਕੂਨਤਾ ਦਾ ਅਭਾਵ।

ਘਰ ਨੂੰ ਸਿਰਫ਼ ਰੈਣ-ਬਸੇਰਾ ਸਮਝਣ ਵਾਲੇ ਮਨੁੱਖ ਨੂੰ ਘਰ ਵਿਚ ਰਹਿੰਦਿਆਂ, ਘਰ ਦੀਆਂ ਕੰਧਾਂ ’ਚ ਸਿਮਟੀ ਖਾਮੋਸ਼ੀ ਦੇ ਮੁਖਾਤਬ ਹੋਣਾ ਪੈਂਦਾ ਹੋਵੇਗਾ। ਉਹ ਮਕਾਨ ਨੂੰ ਘਰ ਸਮਝ, ਇਸਦੇ ਨਿੱਘੜੇ ਅਹਿਸਾਸਾਂ ਨਾਲ ਲਬਰੇਜ਼ ਹੋਇਆ, ਸੁੱਖਨਤਾ ਨੂੰ ਮਾਣ ਕੇ ਸ਼ਰਸ਼ਾਰਹੁੰਦਾ ਹੋਵ-ਗਾ। ਉਹ ਬੀਤੇ ਵਕਤ ਨੂੰ ਜਰੂਰ ਕੋਸਦਾ ਹੋਵੇਗਾ ਜਦ ਉਹ ਖੁਦ ਤੋਂ ਹੀ ਬਹੁਤ ਦੂਰ ਜਾ ਚੁੱਕਿਆ ਸੀ। ਸ਼ਾਇਦ ਉਸਨੂੰ ਪਤਾ ਲੱਗ ਜਾਵੇ ਕਿ ਉਸਦੇ ਬੱਚੇ ਕਿਹੜੇ ਸਕੂਲ ਅਤੇ ਕਿਸ ਕਲਾਸ ਵਿਚ ਪੜਦੇ ਨੇ? ਬੱਚਿਆਂ ਨੂੰ ਆਪਣੇ ਮਾਪਿਆਂ ਨੂੰ ਮਿਲਣ ਅਤੇ ਉਹਨਾਂ ਨਾਲ ਪਿਆਰ ਕਰਨ ਤੇ ਅਪਣੱਤ ਭਰੇ ਪਲਾਂ ਨੂੰ ਜਿਊਣ ਦਾ ਮੌਕਾ ਜਰੂਰ ਮਿਲੇਗਾ। ਦੁਨੀਆਂ ਦੀ ਭੱਜਦੌੜ ਵਿਚ ਗਵਾਚ ਗਿਆ ਮਨੁੱਖ ਅਜੇਹੀ ਮਹਾਂਮਾਰੀ ਦੇ ਸਮੇਂ ਹੀ ਆਪਣੇ ਆਪ ਦੇ ਸਭ ਤੋਂ ਕਰੀਬ ਹੁੰਦਾ ਕਿਉਂਕਿ ਉਸਨੂੰ ਆਪਣੇ ਬਾਰੇ ਸੋਚਣ ਅਤੇ ਖੁਦ ਦਾ ਮੁਲਾਂਕਣ ਕਰਨ ਦਾ ਮੌਕਾ ਜੁ ਮਿਲਦਾ।

ਕਰੋਨਾ ਕਾਰਨ ਆਲੇ-ਦੁਆਲੇ ਸੁੰਨ ਹੈ। ਮਨੁੱਖ ਇਕਾਂਤਵਾਸ ਵਿਚ ਹੈ। ਪਰ ਇਹ ਇਕੱਲਤਾ ਨਹੀਂ ਕਿਉਂਕਿ ਇਕੱਲਤਾ ਹੰਢਾਉਣਾ ਮਜ਼ਬੂਰੀ ਹੁੰਦੀ ਹੈ। ਇਹ ਇਕਾਂਤਵਾਸ ਹਾਲਾਤ ਦੀ ਮਜ਼ਬੂਰੀ ਕਾਰਨ ਹੈ, ਬੰਦੇ ਦੀ ਮਜ਼ਬੂਰੀ ਨਹੀਂ। ਇਕਾਂਤਵਾਸ ਨੂੰ ਇਕਾਗਰਤਾ ਅਤੇ ਆਤਮਿਕ ਵਿਕਾਸ ਲਈ ਵਰਤ ਕੇ ਮਨੁੱਖ ਇਸ ਮੌਕੇ ਦੀ ਨਜ਼ਾਕਤ ਨੂੰ ਆਪਣਾ ਹਾਸਲ ਬਣਾ ਸਕਦਾ ਹੈ। ਇਸ ਇਕਾਂਤਵਾਸ ਦੌਰਾਨ ਕਿਤਾਬਾਂ ਨਾਲ ਦੋਸਤੀ ਪਾਓ। ਸੋਹਣੀ ਜ਼ਿੰਦਗੀ ਦੀਆਂ ਤਰਕੀਬਾਂ ਨੂੰ ਜੀਵਨ-ਜਾਚ ਬਣਾਓ। ਮਨ ਵਿਚ ਦੱਬੀਆਂ ਕਲਾਵਾਂ ਨੂੰ ਮੁੜ ਤੋਂ ਜਗਾਉਣ ਦਾ ਇਹ ਹੈ ਸੁੰਦਰ ਮੌਕਾ ਹੈ ਜਦ ਮਨੁੱਖ ਕੋਲ ਸਮਾਂ ਹੀ ਸਮਾਂ ਹੈ। ਖ਼ੈਰ-ਸੁੱਖ ਪੁੱਛਣ ਦੇ ਬਹਾਨੇ, ਰੁੱਸ ਗਏ ਮਿੱਤਰਾਂ ਨੂੰ ਫ਼ੋਨ ਕਰੋ। ਪੁਰਾਣੀਆਂ ਸਾਂਝਾਂ ਨੂੰ ਪੁਨਰ-ਸੰਜੀਵ ਕਰੋ।

ਕਰੋਨਾ ਨਾਲ ਲੋਕ ਤਾਂ ਮਰ ਰਹੇ ਨੇ ਪਰ ਪੁਨਰ-ਸੰਜੀਵ ਹੋ ਰਿਹਾ ਹੈ ਭਰਾਤਰੀ ਭਾਵ, ਆਪਸੀ ਮਿਲਵਰਤਣ, ਪੀੜਤ ਦੀ ਸਾਰ ਲੈਣ ਦੀ ਕਾਹਲ, ਲੋੜਵੰਦਾਂ ਦੀ ਮਦਦ ਕਰਨ ਦੀ ਤਮੰਨਾ, ਸਰਬੱਤ ਦੇ ਭਲੇ ਦੀ ਲੋਚਾ, ਵੰਡ ਕੇ ਛੱਕਣ ਵਾਲਾ ਵਰਤਾਰਾ ਅਤੇ ਆਪਣੀ ਸਿਹਤਯਾਬੀ ਵਿਚੋਂ ਕਿਸੇ ਰੋਗੀ ਦੀ ਤੰਦਰੁੱਸਤੀ ਨੂੰ ਕਿਆਸਣ ਦਾ ਹੁੱਨਰ। ਦੁੱਖ ਤਾਂ ਵੱਧ ਰਹੇ ਨੇ ਪਰ ਸੁੱਖਾਂ ਦੀ ਮੰਨਤਾਂ ਮੰਗਣ ਵਾਲਿਆਂ ਦੀ ਗਿਣਤੀ ਜ਼ਿਆਦਾ ਵੱਧ ਰਹੀ ਹੈ। ਖਾਣ ਪੀਣ ਦੀਆਂ ਵਸਤਾਂ ਖਰੀਦੋ ਪਰ ਖਰੀਦ ਵਿਚ ਲਾਲਚ ਨਾ ਹੋਵੇ।

ਇਸ ਮਹਾਂਮਾਰੀ ਨੇ ਇਹ ਵੀ ਦਰਸਾ ਦਿਤਾ ਕਿ ਜ਼ਿਆਦਾਤਰ ਵਪਾਰੀ ਲੋਕ ਆਪਣੇ ਮੁਨਾਫ਼ੇ ਤੀਕ ਹੀ ਸੀਮਤ ਹੁੰਦੇ। ਉਹਨਾਂ ਦਾ ਲੋਭ ਇਸ ਹੱਦ ਤੀਕ ਗਰਕ ਜਾਂਦਾ ਕਿ ਉਹ ਸੰਕਟ ਦੇ ਸਮੇਂ ਵਿਚ ਲੋੜ ਦੀਆਂ ਵਸਤਾਂ ਦੀ ਮਨਸੂਈ ਘਾਟ ਪੈਦਾ ਕਰਕੇ, ਦੁੱਗਣੇ/ਤਿੱਗਣੇ ਭਾਅ ’ਤੇ ਵਸਤਾਂ ਵੇਚਦੇ। ਸ਼ਾਇਦ ਉਹ ਭੁੱਲ ਜਾਂਦੇ ਨੇ ਕਿ ਜਦ ਅਜੇਹੀ ਮਹਾਂਮਾਰੀ ਸਾਹਵੇਂ ਵਿਸ਼ਵ ਹੀ ਨਿਤਾਣਾ ਅਤੇ ਨਿਰਬਲ ਮਹਿਸੂਸ ਕਰੇ ਤਾਂ ਇਹਨਾਂ ਦੇ ਦੌਲਤ-ਅੰਬਾਰ, ਉਹਨਾਂ ਨੂੰ ਸੰਕਟ-ਕਾਲੀਨ ਵਖ਼ਤ ਤੋਂ ਕਿਵੇਂ ਬਚਾਉਣਗੇ? ਹਰ ਵਿਅਕਤੀ ਦਾ ਮਰਨਾ ਨਿਸਚਿੱਤ ਹੈ। ਮੌਤ ਤੋਂ ਬਾਅਦ ਵਿਅਕਤੀ ਨੂੰ ਜੀਵਨ ਵਿਚ ਕਮਾਈ ਹੋਈ ਭਲਿਆਈ ਅਤੇ ਚੰਗਿਆਈ ਕਾਰਨ ਯਾਦ ਕੀਤਾ ਜਾਂਦਾ ਹੈ। ਲੋਭੀ ਅਤੇ ਕਮੀਨੇ ਲੋਕ ਬਹੁਤ ਜਲਦੀ ਲੋਕ-ਚੇਤਿਆਂ ਵਿਚੋਂ ਕਿੱਰ ਜਾਂਦੇ ਨੇ।

ਇਸ ਨਾਜ਼ਕ ਮੌਕੇ ਵਿਚ ਇਹ ਵੀ ਸਪੱਸ਼ਟ ਹੋ ਗਿਆ ਕਿ ਲੱਖਾਂ-ਕਰੋੜਾਂ ਕਮਾਉਣ ਵਾਲੇ ਜ਼ਿਆਦਾਤਰ ਫ਼ਿਲਮੀ ਕਲਾਕਾਰਾਂ, ਗਾਇਕਾਂ, ਖਿਡਾਰੀਆਂ, ਰਾਜਨੇਤਾਵਾਂ, ਦੌਲਤਮੰਦਾਂ ਅਤੇ ਵਪਾਰਕ ਘਰਾਣਿਆਂ ’ਤੇ ਕਾਬਜ਼ ਲੋਕਾਂ ਵਿਚ ਮਾਨਵਤਾ ਦਾ ਦਰਦ ਬਿਲਕੁਲ ਹੀ ਨਹੀਂ। ਉਹਨਾਂ ਦੀ ਆਤਮਾ ਮਰ ਚੁੱਕੀ ਹੈ ਅਤੇ ਉਹ ਕਦੇ ਵੀ ਦੁੱਖੀ ਮਨੁੱਖਤਾ ਦਾ ਦਰਦ ਵੰਡਾਉਣ ਵਿਚ ਪਹਿਲ ਨਹੀਂ ਕਰਦੇ। ਉਹ ਸਿਰਫ਼ ਨਿੱਜ ਤੀਕ ਸੀਮਤ। ਆਪਣੀਆਂ ਸਲਤਨਤਾਂ ਨੂੰ ਉਸਾਰਨ ਤੀਕ ਹੀ ਉਹਨਾਂ ਦੀ ਸੋਚ ਦੇ ਦਿਸਹੱਦੇ। ਆਪਣੇ ਤੋਂ ਇਲਾਵਾ ਕੁਝ ਵੀ ਨਜ਼ਰ ਨਹੀਂ ਆਉਂਦਾ। ਵੱਡੇ ਡੇਰੇਦਾਰ ਅਤੇ ਧਾਰਮਿਕ ਸਥਾਨਾਂ ’ਤੇ ਕਾਬਜ਼ ਲੋਕ ਵੀ ਲੋਕ-ਚੜਾਵੇ ਦੇ ਖਜ਼ਾਨੇ ਵਿਚੋਂ ਵਖਤਾਂ ਮਾਰੇ ਸ਼ਰਧਾਲੂਆਂ ਲਈ ਕੁਝ ਵੀ ਕਰਨ ਤੋਂ ਖੱਚਰੀ ਖਾਮੋਸ਼ੀ ਧਾਰੀ ਬੈਠੇ ਨੇ। ਕੀ ਕੋਠੀਆਂ ਵਾਲਿਆਂ ਨੇ ਕਦੇ ਝੁੱਗੀਆਂ ਵਿਚ ਰਹਿੰਦੇ ਲੋਕਾਂ ਦੀ ਅਜੇਹੇ ਵਖਤਾਂ ’ਚ ਸਾਰ ਲਈ ਹੈ? ਕੀ ਡੇਰਿਆਂ ਅਤੇ ਧਾਰਮਿਕ ਸੰਸਥਾਵਾਂ ਨੇ ਪੀੜਤ ਲੋਕਾਂ ਲਈ ਦਰ ਖੋਲੇ ਨੇ ਤਾਂ ਕਿ ਇਸ ਸਮੇਂ ਉਹਨਾਂ ਨੂੰ ਠਾਹਰ ਅਤੇ ਖਾਣ ਲਈ ਕੁਝ ਮਿਲ ਸਕੇ? ਲੋਕਾਂ ਨੂੰ ਹੁਣ ਸੋਝੀ ਆ ਜਾਵੇਗੀ ਕਿ ਇਹ ਸਟਾਰ,ਗਾਇਕ, ਰਾਜਨੇਤਾ ਜਾਂ ਬਾਬੇ ਸਿਰਫ਼ ਆਮ ਲੋਕਾਈ ਨੂੰ ਭਰਮਾ ਕੇ, ਉਹਨਾਂ ਦੀ ਕਮਾਈ ਨੂੰ ਹੜੱਪਣ ਤੀਕ ਹੀ ਸੀਮਤ ਨੇ। ਉਹ ਭੋਲੇ ਭਾਲੇ ਲੋਕਾਂ ਦੀ ਮਾਨਸਿਕਤਾ ਨੂੰ ਵਰਗਲਾ ਕੇ ਨਿੱਜੀ ਮੁਫ਼ਾਦ ਦੀ ਹੀ ਪੂਰਤੀ ਕਰਦੇ ਨੇ।

ਇਹਨਾਂ ਹਾਲਾਤਾਂ ਵਿਚ ਸਭ ਤੋਂ ਵਧੀਆ ਇਹ ਹੋਇਆ ਕਿ ਮਨੁੱਖ ਆਪਣੇ ਵੱਲ ਮੁੜਿਆ ਏ। ਅੰਦਰ ਨੂੰ ਪਰਤਣਾ ਅਤੇ ਖੁਦ ਦੀ ਜਾਮਾ-ਤਲਾਸ਼ੀ ਕਰਨੀ ਬਹੁਤ ਅਹਿਮ ਹੁੰਦੀ। ਇਸ ਵਿਚੋਂ ਹੀ ਇਕ ਨਵੇਂ ਮਨੁੱਖ ਦਾ ਜਨਮ ਹੁੰਦਾ।ਮਨੁੱਖ ਜੋ ਇਨਸਾਨੀਅਤ ਦਾ ਮੁਹਾਂਦਰਾ ਬਣਨ ਵੰਨੀ ਅਹੁਲਦਾ ਏ।

ਕਰੋਨਾ ਵਾਇਰਸ ਨੇ ਇਹ ਵੀ ਦਰਸਾ ਦਿਤਾ ਕਿ ਸ਼ੋਰਗੁੱਲ ਤੋਂ ਅੱਕਿਆਂ ਲਈ ਚੁੱਪ ਕਿੰਨੀ ਜਰੂਰੀ ਹੁੰਦੀ ਹੈ। ਸਮੁੱਚੀ ਕਾਇਨਾਤ ਨੂੰ ਨਿਹਾਰਨਾ ਅਤੇ ਇਸਦੀ ਅਸੀਮਤਾ ਵਿਚੋਂ ਆਪਣੀ ਔਕਾਤ ਨੂੰ ਪਰਿਭਾਸ਼ਤ ਕਰਨਾ ਬਹੁਤ ਅਹਿਮ ਹੁੰਦਾ। ਬੰਦੇ ਨੂੰ ਪਤਾ ਲੱਗਦਾ ਕਿ ਪਰਿਵਾਰ ਕੀ ਏ? ਆਂਢ-ਗੁਆਂਢ ਵਿਚ ਕਿਹੜੇ ਲੋਕ ਵੱਸਦੇ ਨੇ? ਸਮਾਜਿਕ ਸਬੰਧਾਂ ਦੀ ਕੀ ਮਹੱਤਤਾ ਹੈ? ਗਵਾਂਢੀਆਂ ਨਾਲ ਬੋਲ-ਸਾਂਝ ਦੇ ਕੀ ਅਰਥ ਨੇ? ਚੌਗਿਰਦੇ ਵਿਚ ਕੀ ਵਾਪਰ ਰਿਹਾ ਏ? ਕੌਣ ਨੇ ਉਹ ਲੋਕ ਜਿਹੜੇ ਮੇਰੇ ਕੋਲ ਰਹਿੰਦੇ ਹੋਵੇ ਵੀ ਮੇਰੇ ਤੋਂ ਬਹੁਤ ਦੂਰ ਸਨ? ਕੰਧ ਸਾਂਝੀ ਹੋਣ ’ਤੇ ਵੀ ਕਿਸੇ ਦੇ ਹੁੰਗਰ ਨਹੀਂ ਸੀ ਸੁਣੀਂਦੀ? ਹੁਣ ਤਾਂ ਚਾਰ-ਚੌਫੇਰੇ ਵਿਚਲੀ ਸਾਹ-ਸੁਰੰਗੀ ਦਾ ਨਾਦ ਵੀ ਸੁਣਾਈ ਦਿੰਦਾ ਏ।

ਅਜੇਹੇ ਮੌਕਿਆਂ ’ਤੇ ਸੋਚ ਵਿਚਲੀ ਨਕਾਤਮਿੱਕਤਾ ਕਾਰਨ ਹੋਣ ਵਾਲੇ ਨੁਕਸਾਨ ਵੀ ਸਾਹਮਣੇ ਆਉਣਗੇ? ਮਨੁੱਖ ਕਿੰਨਾ ਅਕ੍ਰਿਤਘਣ ਹੈ ਕਿ ਉਹ ਆਪਣੀ ਅਰਥੀ ਮੋਢੇ ’ਤੇ ਚੁੱਕੀ, ਦੁਨੀਆਂ ਨੂੰ ਜਿਊਣ ਦਾ ਗੁਰ ਸਿਖਾਉਣ ਦਾ ਫਕਵੰਗ ਕਰਦਾ ਏ। ਬਾਹਰੀ ਦੁਨੀਆਂ ਵਿਚੋਂ ਹੀ ਜੀਵਨ ਦੀ ਸਾਰਥਿਕਤਾ ਨੂੰ ਸਮਝਣ ਵਾਲਿਆਂ ਨੂੰ ਇਹ ਵੀ ਪਤਾ ਲੱਗੇਗਾ ਕਿ ਕੁਝ ਸਮੇਂ ਲਈ ਘਰ ਵਿਚ ਰਹਿਣ ਦੇ ਕੀ ਅਰਥ ਨੇ? ਜਿਹੜੇ ਘਰਾਂ ਵਿਚ ਰਹਿੰਦੇ ਨੇ ਉਹਨਾਂ ਦੀ ਮਜ਼ਬੂਰੀ ਨੂੰ ਕਦੇ ਵੀ ਆਪਣੇ ਮਕਸਦ ਲਈ ਨਾ ਵਰਤੋਂ। ਸਗੋਂ ਆਪਣੀ ਜੀਵਨ-ਸ਼ੈਲੀ ਵਿਚ ਬਦਲਾਅ ਪੈਦਾ ਕਰਕੇ, ਘਰ ਵਿਚ ਰਹਿੰਦੇ ਮਾਪਿਆਂ ਨਾਲ ਗੱਲਾਂ ਕਰੋ। ਬੱਚਿਆਂ ਨਾਲ ਖੇਡੋ। ਉਹਨਾਂ ਨੂੰ ਅਹਿਸਾਸ ਹੋਵੇਕਿਕੋਈ ਤਾਂ ਆਪਣਾ ਹੈ ਜੋ ਉਹਨਾਂ ਦੀ ਮਾਨਸਿਕਤਾ ਨੂੰ ਸਮਝਦਿਆਂ, ਉਹਨਾਂ ਦੀ ਤੰਦਰੁੱਸਤੀ ਅਤੇ ਮਾਨਸਿਕ ਨਿੱਗਰਤਾ ਦੀ ਹਾਮੀ ਭਰਦਾ ਹੈ। ਆਪਣਿਆਂ ਨਾਲ ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਅਤੇ ਮਨ ਦੀਆਂ ਪਰਤਾਂ ਫਰੋਲਦਿਆਂ, ਜੀਵਨ ਨੂੰ ਸੁਚਾਰੂ ਤਰੀਕੇ ਨਾਲ ਮੁੜ ਤੋਂ ਜਿਊਣਾ ਸਿੱਖਿਆ ਜਾ ਸਕਦਾ ਹੈ।

ਇਸ ਵਿਚੋਂ ਇਹ ਵੀ ਸਾਹਮਣੇ ਆਇਆ ਕਿ ਆਪੇ-ਆਪਣੇ ਘੁੱਰਨਿਆਂ ਵਿਚ ਕੈਦ ਲੋਕਾਂ ਨੇ ਆਪਣੇ ਰੌਸ਼ਨਦਾਨ ਅਤੇ ਖਿੜਕੀਆਂ ਨੂੰ ਖੋਲਣਾ ਸਿੱਖ ਲਿਆ ਹੈ। ਦੁਰਗੰਧ ਬਾਹਰ ਨਿਕਲ ਕੇ ਸੁਗੰਧ ਨੂੰ ਅੰਦਰ ਆਉਣ ਲਈ ਹਾਕਾਂ ਮਾਰਦੀ ਏ। ਉਹ ਖਿੜਕੀਆਂ ਤੇ ਬਾਲਕੋਨੀਆਂ ’ਤੇ ਖੜ ਕੇ, ਗਲੀ ਦੇ ਦੂਸਰੇ ਪਾਸੇ ਦੇ ਗੁਆਂਢੀਆਂ ਨੂੰ ਹਾਕਾਂ ਮਾਰਦੇ, ਉਚੀ ਉਚੀ ਗੱਲਾਂ ਕਰਦੇ ਨੇ। ਮਨਾਂ ਦੀਆਂ ਮੂਕ ਭਾਵਨਾਵਾਂ ਨੂੰ ਗੱਲਬਾਤ ਰਾਹੀਂ ਰੁਆਂਸੀ ਹਵਾ ਦੇ ਨਾਮ ਕਰਦੇ, ਪੌਣ ਨੂੰ ਜਿਊਣ ਦੀ ਆਸ਼ਾ ਨਾਲ ਭਰ ਰਹੇ ਨੇ। ਇਸ ਨਾਲ ਘਰਾਂ ਵਿਚ ’ਕੱਲੇ ਰਹਿ ਗਏ ਬਜੁਰਗਾਂ ਨੂੰ ਵੀ ਇਹ ਅਹਿਸ-ਾਸ ਹੋਵੇਗਾ ਕਿ ਕੋਈ ਤਾਂ ਉਹਨਾਂ ਦੇ ਗੁਆਂਢ ਵਿਚ ਰਹਿੰਦਾ ਹੈ ਜਿਸਨੂੰ ਲੋੜ ਪੈਣ ’ਤੇ ਹਾਕ ਤਾਂ ਮਾਰੀ ਜਾ ਸਕਦੀ ਏ।

ਇਸ ਮਹਾਂਮਾਰੀ ਨੇ ਦੁਨਿਆਵੀ ਦੌੜ ਵਿਚ ਹੱਫ਼ੇ ਹੋਏ ਮਨੁੱਖ ਨੂੰ ਰੋਕਿਆ ਹੈ। ਉਹ ਸਾਹ ਲੈ ਰਿਹਾ ਏ। ਸਵੈ-ਚਿੰਤਨ ਜਰੂਰ ਕਰੇਗਾ ਕਿ ਕੀ ਸੀ ਖਾਸ ਜਿਸਨੂੰ ਕਮਾਉਣ ਲਈ ਜੀਵਨ ਨੂੰ ਗਵਾ ਰਿਹਾ ਸਾਂ? ਕੀ ਕਮਾਉਣ ਦੀ ਲੋੜ ਹੈ ਜਿਸਨੇ ਰੂਹ ਦੀ ਖੁਰਾਕ ਬਣਨਾ ਏ? ਫ਼ਿਕਰਾਂ ਮਾਰੇ ਮਨੁੱਖ ਨੂੰ ਸਿਰਫ਼ ਖੁਦ ਦੀ ਫ਼ਿਕਰਮੰਦੀ ਨਹੀਂ ਕਰਨੀ ਚਾਹੀਦੀ ਸਗੋਂ ਸਮਾਜ ਅਤੇ ਦੇਸ਼ ਦੀ ਭਲਾਈ ਵਿਚੋਂ ਹੀ ਬੰਦਿਆਈ ਨੂੰ ਬੰਦਗੀ ਬਣਾਉਣ ਦੀ ਲੋੜ ਹੈ।

ਇਹ ਮਹਾਂਮਾਰੀ ਨੇ ਆਦਮੀ ਨੂੰ ਨਵੇਂ ਸੱਚ ਦੇ ਸਾਹਮਣੇ ਕੀਤਾ ਹੈ ਜੋ ਸਾਡੇ ਸੱਭ ਦਾ ਸੱਚ ਹੈ। ਨਵੀਂ ਦ੍ਰਿਸ਼ਟੀ ਨਾਲ ਅਸੀਂ ਆਪਣੇ ਪਰਿਵਾਰ, ਸਮਾਜ, ਦੇਸ਼ ਅਤੇ ਦੁਨੀਆਂ ਨੂੰ ਦੇਖਣ ਅਤੇ ਸਮਝਣ ਦੇ ਯੋਗ ਹੋ ਸਕਦੇ ਹਾਂ ਕਿ ਕਿਸੇ ਵੇਲੇ, ਕੁਝ ਵੀ, ਕਿਸੇ ਵੀ ਅਸਥਾਨ ’ਤੇ ਕੁਝ ਵੀ ਅਣਕਿਹਾ ਅਤੇ ਅਣਕਿਆਸਿਆ ਵਾਪਰ ਸਕਦਾ ਹੈ। ਸਿਰਫ਼ ਲੋੜ ਹੈ ਕਿ ਮਨੁੱਖ ਆਪਣੇ ਤੋਂ ਕਦੇ ਵੀ ਦੂਰ ਨਾ ਜਾਵੇ ਸਗੋਂ ਖੁਦ ਦੇ ਕੋਲ ਰਹੇ ਤਾਂ ਕਿ ਅਜੇਹੇ ਹਾਲਾਤਾਂ ਨਾਲ ਬਾਖੂਬੀ ਨਿਪਟਿਆ ਜਾ ਸਕੇ।

ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸਾਡੇ ਲਈ ਕੀ ਜਰੂਰੀ ਹੈ? ਕਿੰਨੀਆਂ ਕੁ ਨੇ ਸਾਡੀਆਂ ਲੋੜਾਂ? ਕਿੱਡਾ ਕੁ ਘਰ ਰਹਿਣ ਲਈ ਲੋੜੀਂਦਾ ਏ? ਕਿੰਨਾ ਕੁਝ ਜਰੂਰੀ ਹੈ ਮਨੁੱਖੀ ਹੋਂਦ ਲਈ? ਕਿੰਨੀਆਂ ਅਹਿਮ ਹਨ ਕੁਦਰਤੀ ਨਿਆਮਤਾਂ? ਕਿੰਨਾ ਜਰੂਰੀ ਹੈ ਮਨੁੱਖ ਦਾ ਮਨੁੱਖ ਨਾਲ ਮਿਲਾਪ?ਕਿੰਨੀ ਮਹਾਨ ਹੈ ਮਨੁੱਖ ਦੀ ਕੁਦਰਤ ਨਾਲ ਸਾਂਝ? ਕਿੰਨੀਆਂ ਅਹਿਮ ਨੇ ਪਿਆਰ ਦੀਆਂ ਤੰਦਾਂ? ਕਿੰਨਾ ਫ਼ਿਕਰ ਹੁੰਦਾ ਹੈ ਆਪਣੀ ਸਿਹਤ ਤੇ ਜਾਨ ਦਾ? ਸਿਰਫ਼ ਉਹ ਲੋਕ ਹੀ ਇਤਿਹਾਸ ਦਾ ਵਰਕਾ ਬਣਦੇ ਨੇ ਜਿਹਨਾਂ ਦੇ ਮਸਤਕ ’ਤੇ ਲੋਕ-ਭਲਾਈ ਦੀਆਂ ਰੇਖਾਵਾਂ ਦੀ ਕਲਾਨਕਾਸ਼ੀ ਹੁੰਦੀ ਹੈ।

ਯਾਦ ਰੱਖਣਾ ਕਿ ਸਰੀਰਕ ਬਿਮਾਰੀ ਬਹੁਤ ਜਲਦੀ ਠੀਕ ਹੋ ਜਾਂਦੀ ਹੈ। ਪਰ ਮਾਨਸਿਕ ਤੌਰ ਤੇ ਕਦੇ ਬਿਮਾਰ ਨਾ ਹੋਣਾ ਸਗੋਂ ਚੜਦੀ ਕਲਾ ਵਿਚ ਰਹਿਣਾ ਕਿਉਂਕਿ ਮਨ ਦੀ ਮਜ਼ਬੂਤੀ ਵਿਚੋਂ ਹੀ ਜ਼ਿੰਦਗੀ ਦੀ ਤਾਮੀਰਦਾਰੀ ਹੁੰਦੀ ਹੈ।

ਹੁਣ ਸੋਚਣਾ ਇਹ ਵੀ ਹੈ ਕਿ ਬਦਲੇ ਹੋਏ ਜੀਵਨ-ਹਾਲਾਤਾਂ ਵਿਚ ਖੁਦ ਨੂੰ ਕਿਵੇਂ ਢਾਲਣਾ ਹੈ? ਇਹ ਤੁਹਾਡੇ ’ਤੇ ਨਿਰਭਰ ਕਰਦਾ ਕਿ ਇਹਨਾਂ ਮਾਯੂਸ ਪਲਾਂ ਵਿਚੋਂ ਖੁਸ਼ੀਆਂ ਨੂੰ ਕਿਵੇਂਤਲਾਸ਼ਣਾ? ਉਦਾਸੀਨਤਾ ਨੂੰ ਦੂਰ ਕਰਕੇ ਮਨ ਦੇ ਹੁਲਾਸ ਨੂੰ ਆਪਣਾ ਹਾਸਲ ਕਿਵੇਂ ਬਣਾਉਣਾ? ਵਿਹੜੇ ਵਿਚਲੇ ਗਮਲਿਆਂ ਵਿਚ ਖਿੜੇ ਫੁੱਲਾਂ ਨਾਲ ਗੱਲਾਂ ਕਰੋ। ਬਹਾਰ ਨੂੰ ਬੰਦਾਈ-ਬਰਕਤ ਬਣਾਓ। ਬੂਟਿਆਂ ਨੂੰ ਪਾਣੀ ਪਾਓ। ਤ੍ਰੇਲ ਭਿੱਜੇ ਘਾਹ ’ਤੇ ਟਹਿਲਣ ਦਾ ਲੁੱਤਫ਼ ਉਠਾਓ। ਰਾਤ ਨੂੰ ਘਰ ਦੀ ਛੱਤ ’ਤੇ ਚੜ ਕੇ ਅਸਮਾਨ ਵਿਚ ਟਿਮਟਿਮਾਂਦੇ ਤਾਰਿਆਂ ਨਾਲ ਸੰਵਾਦ ਰਚਾਓ। ਉਹਨਾਂ ਦੀਆਂ ਕਿਰਨਾਂ ਨੂੰ ਸੋਚ-ਜ਼ਮੀਂ ਵਿਚ ਉਗਾਓ ਜੋ ਤੁਹਾਡੇ ਲਈ ਰੌਸ਼ਨ ਮਾਰਗ ਬਣ ਸਕਣ। ਲੰਮੇਂ ਲੰਮੇਂ ਸਾਹ ਲਓ। ਆਉਂਦੇ-ਜਾਂਦੇ ਸਾਹਾਂ ਦੀ ਤਰਕ-ਸੰਗਤਾ ਨੂੰ ਜੀਵਨ-ਜੋਤ ਨਾਲ ਜੋੜੋ। ਰੂਹ ਦੇ ਦਰਵਾਜ਼ੇ ਖੋਲੋ। ਇਸ ਨੂੰ ਸੂਖ਼ਮ, ਸਹਿਭਾਵੀ ਅਤੇ ਸੁਖਨਮਈ ਪਲਾਂ ਦਾ ਟਿਕਾਣਾ ਬਣਾਓ। ਤੁਹਾਡੀ ਰੂਹ-ਰੰਗਰੇਜ਼ਤਾ ਵਿਚੋਂ ਹੀ ਰੂਹ ਦੀ ਅਮੀਰੀ ਅਤੇ ਅਲਹਾਮਤਾ ਦਾ ਅੰਦਾਜ਼ ਨਜ਼ਰ ਆਵੇਗਾ।

ਅਜੇਹੇ ਮੌਕਿਆਂ ’ਤੇ ਬਿਮਾਰੀ ਅਤੇ ਮੌਤ ਦਾ ਡਰ ਤਾਂ ਹੁੰਦਾ ਹੈ ਪਰ ਇਸਨੂੰਹਾਊਆ ਨਾ ਬਣਾਓ। ਇਕ ਦੂਜੇ ਤੋਂ ਕੁਝ ਦੂਰੀ ਤਾਂ ਬਣਾਓ ਪਰ ਮਨ ਦੀ ਨੇੜਤਾ ਨੂੰ ਹੋਰ ਵਧਾਓ। ਆਪੋ ਆਪਣੇ ਘਰਾਂ ਵਿਚ ਬੰਦ ਰਹੋ ਪਰ ਸੁੰਗੜੋ ਨਾ ਸਗੋਂ। ਬਿਪਤਾ ਵਿਚ ਘਿਰੇ ਆਪਣਿਆਂ ਨਾਲ ਹੋਰ ਗੂੜਾ ਰਾਬਤਾ ਬਣਾਓ ਜਿਹਨਾਂ ਨੂੰ ਤੁਹਾਡੀ ਪਹਿਲਾਂ ਨਾਲੋਂ ਜ਼ਿਆਦਾ ਲੋੜ ਹੈ। ਅਜੇਹੇ ਮੌਕੇ ’ਤੇ ਦਿਲਾਂ ਵਿਚ ਪਿਆਰ ਨੂੰ ਮੌਲਣ ਦਿਓ ਅਤੇ ਘ੍ਰਿਣਾ, ਰੰਜਸ, ਨਫ਼ਰਤ ਜਾਂ ਮਨ-ਮੁਟਾਵ ਨੂੰ ਰੁਕਾਵਟ ਨਾ ਬਣਨ ਦਿਓ। ਕੋਈ ਵੀ ਬਿਪਤਾ ਇਕੱਠੇ ਹੋ ਕੇ ਸਦਾ ਲਈ ਟਾਲੀ ਜਾ ਸਕਦੀ ਏ। ’ਕੱਲੇ ਰਹੇ ਤਾਂ ਬਿਪਤਾ ਸਾਹਵੇਂ ਹਾਰ ਜਾਵੋਗੇ। ਸੋ ਲੋੜ ਹੈ ਕਿ ਕਰੋਨਾ ’ਤੇ ਜਿੱਤ ਹਾਸਲ ਕਰਨ ਲਈ ਸਾਰੇ ਹੰਭਲਾ ਮਾਰੀਏ। ਹਾਰ ਜਾਣ ਵਾਲੇ ਲੋਕ ਤਹਿਜ਼ੀਬਵਿਚੋਂ ਸਦਾ ਲਈ ਮਿੱਟ ਜਾਂਦੇ ਨੇ। ਸਦਾ ਜਿਉਂਦੀਆ ਨੇ ਉਹ ਕੌਮਾਂ ਜਿਹਨਾਂ ਨੇ ਆਪਣੀ ਹਿੰਮਤ, ਦਲੇਰੀ ਅਤੇ ਫਰਾਖ਼ਦਿਲੀ ਨਾਲ ਅਜੇਹੀਆਂ ਅਣਹੋਣੀਆਂ ਨੂੰਹਰਾਇਆ ਏ। ਕੋਈ ਵੀ ਮਹਾਂਮਾਰੀ, ਮਨੁੱਖ ਦਾ ਇਮਤਿਹਾਨ ਹੁੰਦਾ ਜੋ ਮਨੁੱਖ ਦੇ ਹੌਂਸਲੇ ਤੋਂ ਕਦੇ ਵੀ ਵੱਡਾ ਨਹੀਂ ਹੁੰਦਾ। ਸਿਰਫ਼ਮਨ ਵਿਚ ਇਸ ਨਾਲ ਲੜਨ ਅਤੇ ਇਸਨੂੰ ਹਰਾਉਣ ਦੀ ਸੋਚ ਹੀ ਹਾਵੀ ਹੋਣੀ ਚਾਹੀਦੀ ਹੈ।

ਜ਼ਿੰਦਗੀ ਹਮੇਸ਼ਾ ਜ਼ਿੰਦਾਬਾਦ ਸੀ, ਜ਼ਿੰਦਾਬਾਦ ਹੈ ਅਤੇ ਸਦਾ ਜ਼ਿੰਦਾਬਾਦ ਰਹੇਗੀ। ਸਿਰਫ਼ ਲੋੜ ਹੈ ਅਜੇਹੇ ਮੌਕੇ ’ਤੇ ਹਨੇਰੇ ਵਿਚੋਂ ਰਿਸ਼ਮਾਂ ਨੂੰ ਭਾਲਣ ਦੀ। ਇਹਨਾਂ ਦੀ ਕੰਨੀਂ ਫੜ ਕੇ ਰੌਸ਼ਨ ਰਾਹਾਂ ਵੰਨੀਂ ਕਦਮ ਵਧਾਉਣ ਦੀ। ਉਸਾਰੂ ਬਿਰਤੀ ਹੀ ਸਾਨੂੰ ਸਰੀਰਕ ਅਤੇ ਮਾਨਸਿਕ ਤੌਰ ’ਤੇ ਮਜਬੂਤ ਕਰਦੀ, ਵਿਨਾਸ਼ਕਾਰੀ ਹਾਲਾਤਾਂ ਨੂੰ ਹਰਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਅਜੇਹੀ ਜ਼ਿਕਰਯੋਗ ਭੂਮਿਕਾ ਨਿਭਾਉਣ ਦੀ, ਹੁਣ ਮਨੁੱਖ ਦੀ ਵਾਰੀ ਹੈ। ਆਸ ਹੈ ਕਿ ਮਨੁੱਖ ਕਦੇ ਵੀ ਮਨੁੱਖਤਾ ਨੂੰ ਨਿਰਾਸ਼ ਨਹੀਂ ਕਰੇਗਾ।

Whatapp/cell # 001-216-556-2080



# ਦੂਸਰੇ ਸੂਬਿਆਂ ਤੋਂ ਆਉਂਦੇ ਪੰਜਾਬੀ ਟਰੱਕ ਚਾਲਕਾਂ ਵੱਲੋਂ ਪੰਜਾਬ ਪੁਲਸ 'ਤੇ ਵਸੂਲੀ ਦੇ ਦੋਸ਼ ਲਾਏ

ਕਾਹਨੂੰਵਾਨ, 29 ਮਾਰਚ (ਪੋਸਟ ਬਿਊਰੋ)- ਸਮੁੱਚੇ ਭਾਰਤ ਵਿੱਚ ਲਾਕਡਾਊਨ ਦੇ ਮਾਹੌਲ ਵਿੱਚ ਪੰਜਾਬੋਂ ਬਾਹਰ ਗਈਆਂ ਲੰਬੀ ਦੂਰੀ ਦੀਆਂ ਭਾੜਾ ਵਾਹਕ ਟਰਾਂਸਪੋਰਟ ਗੱਡੀਆਂ ਨੂੰ ਵੱਡੀਆਂ ਮੁਸਾਬਤਾਂ ਅਤੇ ਸੰਤਾਪ ਹੰਢਾਉਣਾ ਪੈ ਰਿਹਾ ਹੈ। ਉਨ੍ਹਾਂ ਦੇ ਡਰਾਈਵਰਾਂ ਆਦਿ ਨੂੰ ਪੰਜਾਬ ਵਿੱਚ ਪਰਤਣ 'ਤੇ ਜਿੱਥੇ ਪੰਜਾਬ ਪੁਲਸ ਦੇ ਗਾਲੀ ਗਲੋਚ ਦਾ ਸਾਹਮਣਾ ਕਰਨਾ ਪੈਂਦਾ ਹੈ, ਓਥੇ ਉਨਹਾਂ ਨੇ ਪੰਜਾਬ ਪੁਲਸ 'ਤੇ ਨਾਜਾਇਜ਼ ਵਸੂਲੀ ਦੇ ਵੀ ਦੋਸ਼ ਲਾਏ ਹਨ।



ਇਸ ਸੰਬੰਧੀ ਗੱਲਬਾਤ ਦੌਰਾਨ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ਉਤੇ ਇੱਕ ਟਰੱਕ ਚਾਲਕ ਨੇ ਦੱਸਿਆ ਕਿ ਉਹ ਕਾਂਡਲਾ ਤੋਂ ਸ੍ਰੀਨਗਰ ਲਈ ਮਾਲ ਭਰ ਕੇ ਤੁਰੇ ਸੀ, ਪਰ ਇਸ ਦੌਰਾਨ ਪੂਰੇ ਭਾਰਤ ਵਿੱਚ ਲਾਕਡਾਊਨ ਦਾ ਮਾਹੌਲ ਬਣ ਗਿਆ ਸੀ। ਉਨ੍ਹਾਂ ਦੱਸਿਆ ਕਿ ਕਰਫਿਊ ਕਾਰਨ ਢਾਬੇ ਬੰਦ ਹੋ ਗਏ ਅਤੇ ਉਨ੍ਹਾਂ ਨੂੰ ਦੋ ਦਿਨ ਰੋਟੀ ਵੀ ਨਹੀਂ ਮਿਲੀ। ਉਨ੍ਹਾਂ ਦੱਸਿਆ ਕਿ ਉਹ ਗੁਜਰਾਤ ਅਤੇ ਰਾਜਸਥਾਨ 'ਚੋਂ ਪੁਲਸ ਅਫਸਰਾਂ ਅਤੇ ਨਾਕਿਆਂ ਤੋਂ ਮਿੰਨਤ ਤਰਲਾ ਕਰ ਕੇ ਲੰਘਦੇ ਰਹੇ, ਪਰ ਕਿਸੇ ਨੇ ਉਨ੍ਹਾਂ ਨਾਲ ਦੁਰ ਵਿਹਾਰ ਜਾਂ ਪੈਸੇ ਮੰਗਣ ਦੀ ਹਿਮਾਕਤ ਨਹੀਂ ਕੀਤੀ, ਜਦੋਂ ਪੰਜਾਬ ਆਏ ਤਾਂ ਇਸ ਦੇ ਬਾਰਡਰ 'ਤੇ ਹੀ ਉਨ੍ਹਾਂ ਨਾਲ ਪੰਜਾਬ ਪੁਲਸ ਨੇ ਵੱਡੇ ਪੱਧਰ 'ਤੇ ਦੁਰ ਵਿਹਾਰ ਕੀਤਾ ਅਤੇ ਗਾਲੀ ਗਲੋਚ ਵੀ ਕੀਤਾ ਹੈ। ਇਥੇ ਹੀ ਬਸ ਨਹੀਂ ਜਿਹੜੀ ਗੱਡੀ ਦਾ ਮਾਲਕ ਜਾਂ ਚਾਲਕ ਪੁਲਸ ਵਾਲਿਆਂ ਦੀ ਮੁੱਠੀ ਗਰਮ ਕਰਦਹਾ ਸੀ ਤਾਂ ਉਸ ਨੂੰ ਉਹ ਉਸੇ ਵੇਲੇ ਹੀ ਛੱਡ ਦਿੰਦੇ ਸਨ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਬਾਰਡਰ ਕੱਲਰ ਖੇੜਾ ਤੋਂ ਅੰਮ੍ਰਿਤਸਰ ਤੱਕ ਫਿਰੋਜ਼ਪੁਰ ਮਖੂ ਅਤੇ ਹਰੀਕੇ ਪੱਤਣ ਦੇ ਨਾਕਿਆਂ 'ਤੇ ਉਨ੍ਹਾਂ ਤੋਂ ਪੁਲਸ ਨੇ ਮਨਮਰਜ਼ੀ ਨਾਲ ਵਸੂਲੀ ਕੀਤੀ। ਉਨ੍ਹਾਂ ਨੇ ਦੁੱਖ ਨਾਲ ਕਿਹਾ ਕਿ ਉਨ੍ਹਾਂ ਨੂੰ ਕਈ ਦਿਨ ਚੱਲਦਿਆਂ ਰਸਤੇ ਵਿੱਚ ਰੋਟੀ ਵੀ ਨਸੀਬ ਨਹੀਂ ਹੋਈ, ਪਰ ਉਨ੍ਹਾਂ ਨਾਲ ਹਮਦਰਦੀ ਦੀ ਥਾਂ ਪੰਜਾਬ ਦਾ ਇਹ ਚਿਹਰਾ ਵੇਖ ਕੇ ਉਹ ਅੰਦਰ ਤੱਕ ਮਾਨਸਿਕ ਤੌਰ 'ਤੇ ਦੁਖੀ ਹਨ।

# ਵਲੈਤ ਤੋਂ ਆਏ 35 ਸਾਲ ਦੇ ਐੱਨ ਆਰ ਆਈ ਦੀ ਰਸੋਈ ਵਿੱਚ ਲਾਸ਼ ਮਿਲੀ

ਜਲੰਧਰ, 29 ਮਾਰਚ (ਪੋਸਟ ਬਿਊਰੋ)- ਬਸਤੀ ਸ਼ੇਖ ਦੇ ਉਜਾਲਾ ਨਗਰ ਵਿੱਚ ਕੱਲ੍ਹ ਦੁਪਹਿਰ ਇੰਗਲੈਂਡ ਤੋਂ ਆਏ 35 ਸਾਲ ਦੇ ਐਨ ਆਰ ਆਈ ਲਖਵਿੰਦਰ ਸਿੰਘ ਦੀ ਰਸੋਈ 'ਚੋਂ ਲਾਸ਼ ਮਿਲੀ ਹੈ। ਪੁਲਸ ਸਮਝਦੀ ਹੈ ਕਿ ਲਖਵਿੰਦਰ ਸਿੰਘ ਦੀ ਮੌਤ ਹਾਰਟ ਫੇਲ੍ਹ ਹੋਣ ਕਾਰਨ ਹੋਈ ਹੈ, ਕਿਉਂਕਿ ਅੰਦਰੋਂ ਦਰਵਾਜ਼ਾ ਬੰਦ ਸੀ ਅਤੇ ਮ੍ਰਿਤਕ ਦੇ ਸਰੀਰ 'ਤੇ ਕੋਈ ਜ਼ਖਮ ਨਹੀਂ ਸੀ। ਉਹ ਆਰਥਿਕ ਅਪਰਾਧਕ ਸੈੱਲ ਦੇ ਮੁਨਸ਼ੀ ਸੁਖਵਿੰਦਰ ਸਿੰਘ ਸੰਘਾ ਦਾ ਰਿਸ਼ਤੇਦਾਰ ਸੀ।



ਐੱਸ ਐੱਚ ਓ ਰਵਿੰਦਰ ਕੁਮਾਰ ਨੇ ਕਿਹਾ ਕਿ ਲਖਵਿੰਦਰ ਸਿੰਘ ਇੱਕ ਸਾਲ ਦੇ ਟੂਰਿਸਟਮ ਵੀਜ਼ਾ ਉੱਤੇ ਦਸੰਬਰ ਵਿੱਚ ਇੰਡੀਆ ਆਇਆ ਸੀ, ਉਸ ਨੇ ਜਲਦ ਵਾਪਸ ਜਾਣਾ ਸੀ, ਪਰ ਕੋਰੋਨਾ ਦੇ ਕਾਰਨ ਜਾ ਨਾ ਸਕਿਆ। ਮੁਨਸ਼ੀ ਸੰਘਾ ਨੇ ਉਜਾਲਾ ਨਗਰ ਦੇ ਰਹਿਣ ਵਾਲੇ ਤਰਸੇਮ ਵਰਮਾ ਦਾ ਘਰ ਲਖਵਿੰਦਰ ਸਿੰਘ ਨੂੰ ਕਿਰਾਏ 'ਤੇ ਲੈ ਕੇ ਦਿੱਤਾ ਸੀ। ਲਖਵਿੰਦਰ ਸੁਲਤਾਨਪੁਰ ਲੋਧੀ ਦੇ ਪਿੰਡ ਝੰਡੂਵਾਲ ਦਾ ਰਹਿਣ ਵਾਲਾ ਸੀ, ਪਰ ਉਸ ਦੀ ਮਾਤਾ-ਪਿਤਾ ਨਾਲ ਅਣਬਣ ਸੀ। ਸੰਘਾ ਦਾ ਕਹਿਣਾ ਹੈ ਕਿ ਲਖਵਿੰਦਰ ਸਿੰਘ ਸਵੇਰ ਤੋਂ ਫੋਨ ਨਹੀਂ ਚੁੱਕ ਰਿਹਾ ਸੀ। ਇਸ ਲਈ ਪੁਲਸ ਨੂੰ ਫੋਨ ਕੀਤਾ ਤਾਂ ਥਾਣਾ ਪੰਜ ਦੇ ਏ ਐੱਸ ਆਈ ਮੋਹਨ ਸਿੰਘ ਉਜਾਲਾ ਨਗਰ ਗਏ, ਪਰ ਅੰਦਰੋਂ ਦਰਵਾਜ਼ਾ ਬੰਦ ਸੀ। ਵਾਰ-ਵਾਰ ਦਰਵਾਜ਼ਾ ਖੜਕਾਉਣ ਉੱਤੇ ਵੀ ਅੰਦਰੋਂ ਹਲਚਲ ਨਹੀਂ ਹੋਈ। ਏ ਐਸ ਆਈ ਨੇ ਪੇਚ ਖੋਲ੍ਹ ਕੇ ਦਰਵਾਜ਼ਾ ਖੋਲ੍ਹਿਆ ਤਾ ਰਸੋਈ ਵਿੱਚ ਲਖਵਿੰਦਰ ਦੀ ਲਾਸ਼ ਪਈ ਸੀ। ਜਾਂਚ ਵਿੱਚ ਇਹ ਗੱਲ ਪਤਾ ਲੱਗੀ ਕਿ ਸ਼ਾਮ ਨੂੰ ਗੁਆਂਢੀ ਨੇ ਲਖਵਿੰਦਰ ਸਿੰਘ ਨੂੰ ਸਬਜ਼ੀ ਖਰੀਦਦੇ ਦੇਖਿਆ ਸੀ। ਪੁਲਸ ਮੰਨ ਰਹੀ ਹੈ ਕਿ ਲਖਵਿੰਦਰ ਸਿੰਘ ਰਾਤ ਨੂੰ ਸ਼ਾਇਦ ਪਾਣੀ ਪੀਣ ਲਈ ਉਠਿਆ ਹੋਵੇਗਾ ਅਤੇ ਅਟੈਕ ਆਉਣ ਕਾਰਨ ਉਹ ਰਸੋਈ ਵਿੱਚ ਸਿਰ ਦੇ ਭਾਰ ਡਿੱਗ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ।

# ਪਤੀ ਦੀ ਆਮਦਨ ਉੱਤੇ ਨਿਰਭਰ ਧੀ ਤੋਂ ਮਾਪੇ ਗੁਜ਼ਾਰਾ ਭੱਤਾ ਨਹੀਂ ਮੰਗ ਸਕਦੇ

ਚੰਡੀਗੜ੍ਹ, 29 ਮਾਰਚ (ਪੋਸਟ ਬਿਊਰੋ)- ਮੇਨਟੇਨੈਂਸ ਟ੍ਰਿਬਿਊਨਲ ਦੇ ਫੈਸਲੇ ਨੂੰ ਪਲਟਲਦੇ ਹੋਏ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਹੈ ਕਿ ਜੇ ਵਿਆਹੁਤਾ ਧੀ ਦੀ ਕਮਾਈ ਦਾ ਆਪਣਾ ਕੋਈ ਸਾਧਨ ਨਹੀਂ ਤਾਂ ਉਸ ਹਾਲਤ ਵਿੱਚ ਉਸ ਦੇ ਮਾਤਾ-ਪਿਤਾ ਗੁਜ਼ਾਰਾ ਭੱਤਾ ਨਹੀਂ ਮੰਗ ਸਕਦੇ। ਆਮਦਨ ਦਾ ਸਾਧਨ ਨਾ ਹੋਣ 'ਤੇ ਉਹ ਸਹੁਰਾ ਪਰਵਾਰ 'ਤੇ ਨਿਰਭਰ ਹੈ, ਅਜਿਹੇ ਵਿੱਚ ਉਸ ਨੂੰ ਗੁਜ਼ਾਰਾ ਭੱਤਾ ਦੇਣ ਲਈ ਪਾਬੰਦ ਨਹੀਂ ਕੀਤਾ ਜਾ ਸਕਦਾ।



ਅਸਲ ਵਿੱਚ ਇੱਕ ਔਰਤ ਵੱਲੋਂ ਦਾਇਰ ਕੇਸ ਵਿੱਚ ਟ੍ਰਿਬਿਊਨਲ ਨੇ ਉਸ ਦੇ ਪੁੱਤਰ ਤੇ ਧੀ ਨੂੰ ਹਰ ਮਹੀਨੇ 3300 ਰੁਪਏ ਗੁਜ਼ਾਰਾ ਭੱਤਾ ਦੇਣ ਦੇ ਹੁਕਮ ਦਿੱਤੇ ਸਨ। ਔਰਤ ਨੇ ਕਿਹਾ ਸੀ ਕਿ ਉਨ੍ਹਾਂ ਦਾ ਖਿਆਲ ਰੱਖਣ ਵਾਲਾ ਕੋਈ ਨਹੀਂ ਹੈ, ਪੁੱਤਰ ਅਤੇ ਧੀ ਵੀ ਖਿਆਲ ਨਹੀਂ ਰੱਖਦੇ ਅਤੇ ਸਿਤਹ ਖਰਾਬ ਰਹਿੰਦੀ ਹੈ। ਇਸ ਕਰ ਕੇ ਇਲਾਜ ਲਈ ਗੁਜ਼ਾਰਾ ਭੱਤਾ ਦਿੱਤਾ ਜਾਵੇ। ਟ੍ਰਿਬਿਊਨਲ ਨੇ ਹੁਕਮ ਦਿੱਤਾ ਸੀ ਕਿ ਪੁੱਤਰ ਤੇ ਧੀ ਦੋਵੇਂ ਹਰ ਮਹੀਨੇ 3300 ਰੁਪਏ ਆਪਣੀ ਮਾਂ ਨੂੰ ਬਤੌਰ ਗੁਜ਼ਾਰਾ ਭੱਤਾ ਦੇਣ ਤਾਂ ਕਿ ਉਹ ਇਲਾਜ ਕਰਵਾ ਸਕਣ ਤੇ ਸਨਮਾਨ ਦੀ ਜ਼ਿੰਦਗੀ ਜੀਅ ਸਕਣ। ਉਕਤ ਔਰਤ ਦੇ ਪੁੱਤਰ ਤੇ ਧੀ ਨੇ ਇਸ ਹੁਕਮ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ। ਇਸ 'ਤੇ ਕੋਰਟ ਨੇ ਧੀ ਦੀ ਪਟੀਸ਼ਨ ਮਨਜ਼ੂਰ ਕਰ ਲਈ, ਪਰ ਪੁੱਤਰ ਦੀ ਪਟੀਸ਼ਨ ਰੱਦ ਕਰ ਦਿੱਤੀ। ਕੋਰਟ ਨੇ ਕਿਹਾ ਕਿ ਧੀ ਹਾਊਸ ਵਾਈਫ ਹੈ ਅਤੇ ਪੂਰੀ ਤਰ੍ਹਾਂ ਨਾਲ ਪਤੀ ਦੀ ਆਮਦਨ 'ਤੇ ਨਿਰਭਰ ਹੈ। ਪਤੀ ਦੀ ਆਮਦਨ ਨਾਲ ਉਸ ਨੂੰ ਗੁਜ਼ਾਰਾ ਭੱਤਾ ਦੇਣ ਲਈ ਪਾਬੰਦ ਨਹੀਂ ਕੀਤਾ ਜਾ ਸਕਦਾ। ਪੁੱਤਰ ਨੂੰ ਮੁਆਵਜ਼ੇ ਵਜੋਂ ਚਾਰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣੇ ਪੈਣਗੇ। ਇਹ ਹੁਕਮ ਉਨ੍ਹਾਂ ਮਾਮਲਿਆਂ 'ਚ ਹੀ ਲਾਗੂ ਹੋਵੇਗਾ ਜਿਨ੍ਹਾਂ 'ਚ ਵਿਆਹੁਤਾ ਧੀ ਦੀ ਆਮਦਨ ਦਾ ਕੋਈ ਸਾਧਨ ਮੌਜੂਦ ਨਾ ਹੋਵੇ।

# ਕਰਫਿਊ ਹੇਠ ਮਾਛੀਕੇ ਪਿੰਡ ਵਿੱਚ ਅੱਠ ਭੈਣਾਂ ਦੇ ਭਰਾ ਦਾ ਕਤਲ



ਨਿਹਾਲ ਸਿੰਘ ਵਾਲਾ, 29 ਮਾਰਚ (ਪੋਸਟ ਬਿਊਰੋ)- ਨੇੜਲੇ ਪਿੰਡ ਮਾਛੀਕੇ ਵਿੱਚ 25 ਸਾਲਾ ਨੌਜਵਾਨ ਸੁਖਪਾਲ ਸਿੰਘ ਸੁੱਖਾ ਪੁੱਤਰ ਗੁਰਮੇਲ ਸਿੰਘ ਦਾ ਕਤਲ ਕਰ ਦਿੱਤਾ ਗਿਆ ਹੈ। ਉਹ ਅੱਠ ਭੈਣਾਂ ਦਾ ਇਕਲੌਤਾ ਭਰਾ ਸੀ। ਕਤਲ ਦੀ ਇਸ ਘਟਨਾ ਦਾ ਪਤਾ ਲੱਗਦੇ ਸਾਰ ਐੱਸ ਪੀ ਰਤਨ ਸਿੰਘ ਬਰਾੜ ਅਤੇ ਹੋਰ ਅਧਿਕਾਰੀ ਘਟਨਾ ਸਥਾਨ 'ਤੇ ਪੁੱਜੇ ਤੇ ਜਾਂਚ ਸ਼ੁਰੂ ਕੀਤੀ। ਮ੍ਰਿਤਕ ਦੀ ਮਾਤਾ ਚਰਨਜੀਤ ਕੌਰ ਨੂੰ ਸ਼ੱਕ ਹੈ ਕਿ ਹਰਭਜਨ ਸਿੰਘ ਬਿੱਟੂ ਬੌਰੀਆ ਤੇ ਉਸ ਦੇ ਸਾਥੀਆਂ ਨੇ ਉਸ ਦੇ ਪੁੱਤਰ ਦੇ ਸਿਰ ਵਿੱਚ ਰਾਡਾਂ ਮਾਰ ਕੇ ਉਸ ਦਾ ਕਤਲ ਕੀਤਾ ਹੈ। ਡੀ ਐੱਸ ਪੀ ਮਨਜੀਤ ਸਿੰਘ ਨੇ ਕਿਹਾ ਕਿ ਪੁਲਸ ਜਾਂਚ ਕਰ ਰਹੀ ਹੈ ਤੇ ਮ੍ਰਿਤਕ ਦੀ ਮਾਤਾ ਦੇ ਬਿਆਨਾਂ ਉੱਤੇ ਹਰਭਜਨ ਸਿੰਘ ਬਿੱਟੂ ਬੌਰੀਆ ਤੇ ਉਸ ਦੇ ਸਾਥੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

# ਟਰੈਵਲ ਹਿਸਟਰੀ ਦੇ ਨਾਲ ਆਈਸੋਲੇਟ ਕੀਤੇ ਲੋਕ ਰਿਸ਼ਤੇਦਾਰਾਂ ਨੂੰ ਮਿਲਣ ਨਿਕਲ ਪਏ

ਅੰਬਾਲਾ, 29 ਮਾਰਚ (ਪੋਸਟ ਬਿਊਰੋ)- ਵਿਦੇਸ਼ ਦੀ ਟਰੈਵਲ ਹਿਸਟਰੀ ਵਿੱਚ ਜਿਨ੍ਹਾਂ ਲੋਕਾਂ ਨੂੰ ਸਿਹਤ ਵਿਭਾਗ ਨੇ ਘਰ ਵਿੱਚ ਆਈਸੋਲੇਟ ਕੀਤਾ ਸੀ, ਉਨ੍ਹਾਂ ਵਿੱਚੋਂ ਕਈ ਲੋਕ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਦੇ ਲਈ ਜਾਂ ਦੂਸਰੇ ਸ਼ਹਿਰਾਂ ਨੂੰ ਸਿਰਫ ਘੁੰਮਣ ਦੇ ਲਈ ਚਲੇ ਗਏ ਹਨ। ਇਹ ਹੁਕਮਾਂ ਦੀ ਸਿੱਧੀ ਉਲੰਘਣਾ ਹੈ।

ਰੁਪੋ ਮਾਜਰਾ ਪਿੰਡ ਦਾ ਨੌਜਵਾਨ ਮਲੇਸ਼ੀਆ ਤੋਂ ਆਇਆ ਸੀ। ਜ਼ਿਲਾ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਘਰ ਵਿੱਚ ਆਈਸੋਲੇਟ ਕੀਤਾ ਸੀ, ਪਰ ਉਹ ਨਾਰਾਇਣਗੜ੍ਹ ਦੇ ਪਿੰਡ ਕਲਾਲ ਮਾਜਰੀ ਵਿੱਚ ਆਪਣੀ ਮਾਸੀ ਨੂੰ ਮਿਲਣ ਚਲਾ ਗਿਆ। ਇਸੇ ਪਿੰਡ ਦੀ ਔਰਤ ਵੀ ਵਿਦੇਸ਼ ਤੋਂ ਆਈ ਸੀ, ਪਰ ਪਟਿਆਲਾ ਰਿਸ਼ਤੇਦਾਰੀ ਵਿੱਚ ਚਲੀ ਗਈ। ਸ਼ਹਿਰ ਦੇ ਰਾਮਪੁਰਾ ਮੁਹੱਲਾ ਦੇ ਦੋ ਵਿਅਕਤੀਆਂ ਦੇ ਘਰ ਅੱਗੇ ਵੀ ਜ਼ਿਲਾ ਪ੍ਰਸ਼ਾਸਨ ਨੇ ਨੋਟਿਸ ਚਿਪਕ-ਾਇਆ ਹੈ, ਪਰ ਇਨ੍ਹਾਂ ਦੋਵਾਂ ਨੇ ਆਪਣੇ ਨਾਲ ਹੋਰ ਲੋਕਾਂ ਦੀ ਜ਼ਿੰਦਗੀ ਦੀ ਵੀ ਪ੍ਰਵਾਹ ਨਹੀਂ ਕੀਤੀ ਅਤੇ ਦੋਵੇਂ ਜਗਾਧਰੀ ਵਿੱਚ ਆਪਣੀ ਰਿਸ਼ਤੇਦਾਰੀ ਵਿੱਚ ਚਲੇ ਗਏ ਹਨ। ਸਿਟੀ ਹਾਊਸਿੰਗ ਬੋਰਡ ਕਲੋਨੀ ਵਿੱਚ ਵੀ ਵਿਦੇਸ਼ ਤੋਂ ਆਏ ਲੋਕ ਸਿਹਤ ਵਿਭਾਗ ਨੂੰ ਦੱਸੇ ਬਿਨਾਂ ਗੁੜਗਾਓਂ ਚਲੇ ਗਏ। ਉਨ੍ਹਾਂ ਦੇ ਘਰ ਦਿਆਂ ਨੇ ਨਗਰ ਨਿਗਮ ਦੀ ਟੀਮ ਨੂੰ ਤਰਕ ਦਿੱਤਾ ਕਿ ਉਹ ਗੁੜਗਾਓਂ ਵਿੱਚ ਨੌਕਰੀ ਕਰਦਾ ਹੈ ਉਸ ਦੀ ਕੰਪਨੀ ਨੇ ਜ਼ਬਰਦਸਤੀ ਬੁਲਾ ਲਿਆ ਹੈ। ਏਸੇ ਸ਼ਹਿਰ ਦੇ ਨਿਰਮਲ ਵਿਹਾਰ ਦੀ ਔਰਤ ਕੁਝ ਦਿਨ ਪਹਿਲਾਂ ਵਿਦੇਸ਼ ਤੋਂ ਏਥੇ ਆਪਣੇ ਮਾਤਾ-ਪਿਤਾ ਦੇ ਕੋਲ ਆਈ ਸੀ। ਸਿਹਤ ਵਿਭਾਗ ਨੂੰ ਪਤਾ ਲੱਗਾ ਤਾਂ ਉਸ ਨੂੰ ਘਰ ਵਿੱਚ ਆਈਸੋਲੇਟ ਕਰ ਦਿੱਤਾ। ਔਰਤ ਆਪਣੇ ਪਤੀ ਨੂੰ ਮਿਲਣ ਪੰਚਕੂਲਾ ਨਿਕਲ ਗਈ।

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060

ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection


Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8






2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।




VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇ੍ਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।



# ਨੋਬਲ ਐਵਾਰਡੀ ਵਿਗਿਆਨੀ ਦਾ ਦਾਅਵਾ: ਕੋਰੋਨਾ ਦਾ ਕਹਿਰ ਛੇਤੀ ਖਤਮ ਹੋਵੇਗਾ



ਨਵੀਂ ਦਿੱਲੀ, 29 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨਾਲ ਨਜਿੱਠਣ ਲਈ ਪੂਰੀ ਦੁਨੀਆ ਦਾ ਸੰਘਰਸ਼ ਜਾਰੀ ਹੈ। ਭਾਰਤ ਸਮੇਤ ਕਈ ਦੇਸ਼ਾਂ ਨੇ ਸਾਵਧਾਨੀ ਵਜੋਂ ਕਈ ਕਦਮ ਚੁੱਕੇ ਹਨ। ਇਸ ਨਾਲ ਦੁਨੀਆ ਦੀ ਕਰੀਬ ਇੱਕ ਤਿਹਾਈ ਆਬਾਦੀ ਘਰਾਂ ਵਿੱਚ ਕੈਦ ਹੈ। ਇਸ ਦੌਰਾਨ ਨੋਬਲ ਇਨਾਮ ਜੇਤੂ ਮਾਈਕਲ ਲੇਵਿਟ ਨੇ ਕੋਰੋਨਾ ਵਾਇਰਸ ਬਾਰੇ ਇੱਕ ਏਦਾਂ ਦੀ ਭਵਿੱਖਬਾਣੀ ਕੀਤੀ ਹੈ, ਜੋ ਚਿੰਤਤ ਲੋਕਾਂ ਨੂੰ ਕੁਝ ਰਾਹਤ ਦੇ ਸਕਦੀ ਹੈ।

ਸਟੈਨਫੋਰਡ ਯੂਨੀਵਰਸਿਟੀ ਦੇ ਬਾਇਓਫਿਜ਼ੀਸਿਸਟ ਅਤੇ ਨੋਬਲ ਇਨਾਮ ਜੇਤੂ ਮਾਈਕਲ ਲੇਵਿਟ ਨੇ ਕਿਹਾ ਹੈ ਕਿ ਸੋਸ਼ਲ ਡਿਸਟੈਂਸਿੰਗ ਨੇ ਦੁਨੀਆ ਨੂੰ ਇੱਕ ਬੂਸਟਰ ਦਿੱਤਾ ਹੈ, ਜਿਹੜਾ ਇਸ ਵਕਤ ਮਹਾਮਾਰੀ ਨਾਲ ਲੜਨ ਲਈ ਜ਼ਰੂਰੀ ਹੈ, ਇਸ ਲਈ ਕੋਰੋਨਾ ਦਾ ਕਹਿਰ ਛੇਤੀ ਖਤਮ ਹੋ ਜਾਵੇਗਾ। ਕੈਮਿਸਟਰੀ ਵਿੱਚ 2013 ਦਾ ਨੋਬਲ ਇਨਾਮ ਜਿੱਤਣ ਵਾਲੇ ਲੇਵਿਟ ਨੇ ਇਸ ਤੋਂ ਪਹਿਲਾਂ ਚੀਨ ਵਿੱਚ ਮਹਾਮਾਰੀ ਬਾਰੇ ਭਵਿੱਖਬਾਣੀ ਕੀਤੀ ਸੀ ਕਿ ਓਥੇ ਮਹਾਮਾਰੀ ਵਿਨਾਸ਼ਕਾਰੀ ਕਹਿ ਨੂੰ ਲੈ ਕੇ ਆਵੇਗੀ। ਮਾਈਕਲ ਲੇਵਿਟ ਓਹੀ ਹਨ, ਜਿਨ੍ਹਾਂ ਨੇ ਭਵਿੱਖਬਾਣੀ ਕੀਤੀ ਸੀ ਕਿ ਚੀਨ ਵਿੱਚ ਸਵਾ ਤਿੰਨ ਹਜ਼ਾਰ ਲੋਕ ਮਰਨਗੇ। ਉਨ੍ਹਾ ਨੇ ਲਾਸ ਏਂਜਲਸ ਟਾਈਮਜ਼ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਕਿ ਕੋਰੋਨਾ ਦੇ ਕਹਿਰ ਨੂੰ ਰੋਕਣ ਲਈ ਜੋ ਕਰਨਾ ਚਾਹੀਦਾ ਹੈ, ਉਹ ਅਸੀਂ ਕਰ ਰਹੇ ਹਾਂ, ਸਭ ਠੀਕ ਹੋਣ ਵਾਲਾ ਹੈ। ਲੇਵਿਟ ਨੇ ਅੱਗੇ ਦੱਸਿਆ ਕਿ ਹਾਲਾਤ ਓਨੇ ਭਿਆਨਕ ਨਹੀਂ, ਜਿੰਨਾ ਚਿਤਾਵਨੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕੋਰੋਨਾ ਦੇ ਵਧਦੇ ਕੇਸਾਂ ਦੀ ਗਿਣਤੀ ਪ੍ਰੇਸ਼ਾਨ ਕਰਨ ਵਾਲੀ ਹੈ, ਪਰ ਹੌਲੀ ਰਫਤਾਰ ਦੇ ਵਾਧੇ ਦੇ ਸਾਫ ਸੰਕੇਤ ਮਿਲ ਰਹੇ ਹਨ।

# ਭਾਰਤ ਵਿੱਚ 10 ਸਰਕਾਰੀ ਬੈਂਕਾਂ ਦੇ ਆਪਸੀ ਰਲੇਵੇਂ ਨੂੰ ਮਨਜ਼ੂਰੀ ਮਿਲੀ





ਨਵੀਂ ਦਿੱਲੀ, 29 ਮਾਰਚ, (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ ਨੇ ਸ਼ਨੀਵਾਰ ਨੂੰ ਦੇਸ਼ ਦੇ 10 ਸਰਕਾਰੀ ਬੈਂਕਾਂ ਦੇ ਆਪਸੀ ਰਲੇਵੇਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਓਰੀਐਂਟਲ ਬੈਂਕ ਆਫ ਕਾਮਰਸ ਅਤੇ ਯੂਨਾਈਟਿਡ ਬੈਂਕ ਆਫ ਇੰਡੀਆ ਦਾ ਪੰਜਾਬ ਨੈਸ਼ਨਲ ਬੈਂਕ ਵਿੱਚ, ਸਿੰਡੀਕੇਟ ਬੈਂਕ ਦਾ ਕੈਨਰਾ ਬੈਂਕ, ਆਂਧਰਾ ਬੈਂਕ ਅਤੇ ਕਾਰਪੋਰੇਸ਼ਨ ਬੈਂਕ ਦਾ ਯੂਨੀਅਨ ਬੈਂਕ ਆਫ ਇੰਡੀਆ ਅਤੇ ਇਲਾਹਾਬਾਦ ਬੈਂਕ ਦਾ ਇੰਡੀਅਨ ਬੈਂਕ ਵਿੱਚ ਰਲੇਵਾਂ ਹੋ ਜਾਵੇਗਾ।

ਮਿਲੀ ਜਾਣਕਾਰੀ ਮੁਤਾਬਕ 1 ਅਪ੍ਰੈਲ 2020 ਨੂੰ ਇਨ੍ਹਾਂ ਸਾਰੀਆਂ ਬੈਂਕਾਂ ਦਾ ਆਪਸੀ ਰਲੇਵਾਂ ਹੋ ਜਾਵੇਗਾ ਤੇ ਇਸ ਤੋਂ ਬਾਅਦ ਓਰੀਐਂਟਲ ਬੈਂਕ ਆਫ ਕਾਮਰਸ ਤੇ ਯੂਨਾਈਟਿਡ ਬੈਂਕ ਦੇ ਗ੍ਰਾਹਕ ਪੰਜਾਬ ਨੈਸ਼ਨਲ ਬੈਂਕ ਤੋਂ ਸੇਵਾਵਾਂ ਲੈ ਸਕਦੇ ਹਨ। ਇਸੇ ਤਰ੍ਹਾਂ ਸਿੰਡੀਕੇਟ ਬੈਂਕ ਤੇ ਕੈਨਰਾ ਬੈਂਕ ਦੇ ਗ੍ਰਾਹਕ ਦੋਵਾਂ ਵਿੱਚੋਂ ਕਿਸੇ ਵੀ ਬੈਂਕ ਦੀ ਬ੍ਰਾਂਚ ਵਿੱਚ ਜਾ ਕੇ ਸੇਵਾ ਲੈ ਸਕਦੇ ਹਨ। ਆਂਧਰਾ ਬੈਂਕ ਤੇ ਕਾਰਪੋਰੇਸ਼ਨ ਬੈਂਕ ਦੇ ਗ੍ਰਾਹਕ ਯੂਨੀਅਨ ਬੈਂਕ ਆਫ ਇੰਡੀਆ ਜਾ ਸਕਦੇ ਹਨ। ਇਲਾਹਾਬਾਦ ਬੈਂਕ ਦੇ ਗ੍ਰਾਹਕ ਇੰਡੀਅਨ ਬੈਂਕ ਤੋਂ ਸੇਵਾਵਾਂ ਲੈ ਸਕਣਗੇ।

ਬੈਂਕਾਂ ਦੇ ਰਲੇਵੇਂ ਦੀ ਅੱਜ ਦੀ ਪ੍ਰਕਿਰਿਆ ਪਿੱਛੋਂ ਭਾਰਤ ਵਿੱਚ ਪਬਲਿਕ ਸੈਕਟਰ ਦੇ ਸਿਰਫ 7 ਬੈਂਕ ਰਹਿ ਜਾਣਗੇ। ਸਾਲ 2017 ਤੱਕ ਭਾਰਤ ਵਿੱਚ ਕੁੱਲ 27 ਸਰਕਾਰੀ ਬੈਂਕ ਸਨ। ਇਸ ਰਲੇਵੇਂ ਮਗਰੋਂ ਦੇਸ਼ ਦੇ 7 ਸਰਕਾਰੀ ਬੈਂਕ ਸਿਰਫ ਕੌਮੀ ਪੱਧਰ ਦੇ ਹੋਣਗੇ ਅਤੇ ਇਨ੍ਹਾਂ ਸਾਰਿਆਂ ਦਾ ਕੁੱਲ ਬਿਜ਼ਨੈੱਸ 8 ਲੱਖ ਕਰੋੜ ਰੁਪਏ ਤੋਂ ਵੱਧ ਹੋਵੇਗਾ। ਰਲੇਵੇਂ ਦੇ ਨਾਲ ਪੰਜਾਬ ਨੈਸ਼ਨਲ ਬੈਂਕ ਆਪਣੇ ਦੇਸ਼ ਦੇ ਦੂਜਾ ਸਭ ਤੋਂ ਵੱਡਾ ਸਰਕਾਰੀ ਬੈਂਕ ਹੋ ਜਾਵੇਗਾ, ਜਿਸ ਦਾ ਕੁੱਲ ਬਿਜ਼ਨੈੱਸ ਸਾਈਜ਼ ਕਰੀਬ 17.94 ਲੱਖ ਕਰੋੜ ਰੁਪਏ ਹੋਵੇਗਾ। ਭਾਰਤੀ ਸਟੇਟ ਬੈਂਕ ਦੇਸ਼ ਦਾ ਸਭ ਤੋਂ ਵੱਡਾ ਬੈਂਕ ਹੈ, ਜਿਸ ਦਾ ਬਿਜ਼ਨੈੱਸ ਕਰੀਬ 52 ਲੱਖ ਕਰੋੜ ਰੁਪਏ ਹੈ। ਬੈਂਕ ਆਫ ਬੜੌਦਾ ਦੇਸ਼ ਦਾ ਤੀਸਰਾ ਵੱਡਾ ਸਰਕਾਰੀ ਬੈਂਕ ਹੋਵੇਗਾ ਤੇ ਇਸ ਤੋਂ ਬਾਅਦ ਕੈਨਰਾ ਬੈਂਕ, ਯੂਨੀਅਨ ਬੈਂਕ ਆਫ ਇੰਡੀਆ, ਇੰਡੀਅਨ ਬੈਂਕ ਹੋਵੇਗਾ। ਹੋਰਨਾਂ ਸਰਕਾਰੀ ਬੈਂਕਾਂ ਵਿੱਚ ਸੈਂਟਰਲ ਬੈਂਕ ਆਫ ਇੰਡੀਆ, ਇੰਡੀਅਨ ਓਵਰਸੀਜ਼ ਬੈਂਕ, ਯੂਕੋ ਬੈਂਕ, ਬੈਂਕ ਆਫ ਮਹਾਰਾਸ਼ਟਰ ਅਤੇ ਪੰਜਾਬ ਐਂਡ ਸਿੰਧ ਬੈਂਕ ਸ਼ਾਮਲ ਹਨ।

# ਉਘੇ ਚਿੱਤਰਕਾਰ ਸਤੀਸ਼ ਗੁਜਰਾਲ ਦਾ ਦੇਹਾਂਤ



ਨਵੀਂ ਦਿੱਲੀ, 29 ਮਾਰਚ (ਪੋਸਟ ਬਿਊਰੋ)- ਪ੍ਰਸਿੱਧ ਚਿੱਤਰਕਾਰ ਅਤੇ ਆਰਕੀਟੈਕਟ ਸਤੀਸ਼ ਗੁਜਰਾਲ ਦਾ ਕੱਲ੍ਹ ਰਾਤ ਦਿੱਲੀ ਵਿੱਚ ਉਨ੍ਹਾਂ ਦੇ ਘਰ ਦੇਹਾਂਤ ਹੋ ਗਿਆ। ਵੱਖ-ਵੱਖ ਢੰਗਾਂ ਵਿੱਚ ਵੱਖਰੀ ਸ਼ੈਲੀ 'ਚ ਚਿੱਤਰਕਾਰੀ, ਬੁੱਤ-ਤਰਾਸ਼ੀ ਕਰਨ ਵਾਲੇ 94 ਸਾਲਾ ਸਤੀਸ਼ ਗੁਜਰਾਲ ਦੇ ਪਰਵਾਰ ਵਿੱਚ ਉਨ੍ਹਾਂ ਦੀ ਪਤਨੀ ਕਿਰਨ, ਧੀਆਂ ਅਰਪਨਾ ਤੇ ਰਸੀਲ ਅਤੇ ਪੁੱਤਰ ਮੋਹਿਤ ਹਨ। ਉਹ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਭਰਾ ਸਨ।

ਸਤੀਸ਼ ਗੁਜਰਾਲ ਦੇ ਭਤੀਜੇ ਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਦੇ ਮੁਤਾਬਕ ਸਤੀਸ਼ ਨੇ ਬੀਤੀ ਰਾਤ ਆਪਣੇ ਘਰ ਦਸ ਵਜੇ ਬਿਰਧ ਅਵਸਥਾ ਕਾਰਨ ਪ੍ਰਾਣ ਤਿਆਗੇ ਹਨ। ਆਰਕੀਟੈਕਟ, ਚਿੱਤਰਕਾਰ, ਮੂਰਤੀਕਾਰ ਅਤੇ ਗ੍ਰਾਫਿਕਸ ਆਰਟਿਸਟ ਵੱਜੋਂ ਪਦਮ ਭੂਸ਼ਣ ਸਨਮਾਨ ਨਾਲ ਨਿਵਾਜੇ ਗਏ ਸਤੀਸ਼ ਗੁਜਰਾਲ ਦੀ ਮੌਤ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਉਹ ਬਹੁਪੱਖੀ ਸ਼ਖ਼ਸੀਅਤ ਸਨ ਤੇ ਉਨ੍ਹਾਂ ਆਪਣੀ ਸਿਰਜਣਾਤਮਕਤਾ ਤੇ ਦ੍ਰਿੜ੍ਹਤਾ ਨਾਲ ਮੁਸਬਤਾਂ ਨੂੰ ਪਛਾੜਿਆ। ਮੋਦੀ ਨੇ ਕਿਹਾ ਕਿ ਗੁਜਰਾਲ ਦੀ ਬੌਧਿਕ ਪਿਆਸ ਨੇ ਉਨ੍ਹਾਂ ਨੂੰ ਦੂਰ ਤੱਕ ਪੁੱਜਦਾ ਕੀਤਾ, ਪਰ ਫਿਰ ਵੀ ਉਹ ਆਪਣੀਆਂ ਜੜ੍ਹਾਂ ਨਾਲ ਜੁੜਾ ਰਹੇ।

# ਜੀ ਐੱਮ ਵੱਲੋਂ 69000 ਮੁਲਾਜ਼ਮਾਂ ਦੀ ਤਨਖਾਹ ਵਿੱਚ 20 ਫੀਸਦੀ ਕਟੌਤੀ



ਨਵੀਂ ਦਿੱਲੀ, 29 ਮਾਰਚ (ਪੋਸਟ ਬਿਊਰੋ)- ਜਨਰਲ ਮੋਟਰਜ਼ ਨੇ ਬੀਤੇ ਦਿਨੀਂ ਆਪਣੇ ਕਰੀਬ 69000 ਕਰਮਚਾਰੀਆਂ ਨੂੰ ਸੂਚਨਾ ਦਿੱਤੀ ਹੈ ਕਿ ਕੋਰੋਨਾ ਵਾਇਰਸ ਦੇ ਸੰਕਟ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀ ਤਨਖਾਹ ਵਿੱਚ ਆਰਜ਼ੀ ਤੌਰ 'ਤੇ ਵੀਹ ਫੀਸਦੀ ਕਟੌਤੀ ਕੀਤੀ ਜਾਵੇਗੀ ਤਾਂ ਕਿ ਕੁਝ ਨਕਦੀ ਦੀ ਬੱਚਤ ਹੋ ਸਕੇ।

ਜਾਣਕਾਰ ਸੂਤਰਾਂ ਅਨੁਸਾਰ ਘਟਾਈ ਗਈ ਤਨਖਾਹ ਜਲਦੀ ਹੀ ਫਿਰ ਲਾਗੂ ਹੋ ਜਾਵੇਗੀ ਅਤੇ ਇਹ ਰਾਸ਼ੀ ਉਨ੍ਹਾਂ ਨੂੰ ਵਿਆਜ ਸਮੇਤ ਅਪ੍ਰੈਲ ਵਿੱਚ ਵਾਪਸ ਕਰ ਦਿੱਤੀ ਜਾਵੇਗੀ। ਯੂ ਐਨ ਦੇ 6500 ਕਰਮਚਾਰੀ, ਜੋ ਘਰ ਬੈਠ ਕੇ ਕੰਮ ਨਹੀਂ ਕਰ ਸਕਦੇ, ਉਨ੍ਹਾਂ ਨੂੰ ਪੇਡ-ਲੀਵ ਦਿੱਤੀ ਜਾਵੇਗੀ, ਜਿਸ ਨੂੰ ਕੰਪਨੀ ਨੇ ਸੈਲਰਾਈਡ ਡਾਊਨਟਾਈਮ ਪੇਡ ਐਬਸੈਂਸ ਦਾ ਨਾਂਅ ਦਿੱਤਾ ਹੈ। ਇਨ੍ਹਾਂ ਵਰਕਰਾਂ ਨੂੰ ਆਪਣੀ ਤਨਖਾਹ ਦਾ 75 ਫੀਸਦੀ ਮਿਲੇਗਾ ਅਤੇ ਉਨ੍ਹਾਂ ਦੀ ਸੀਨੀਆਰਟੀ ਤੇ ਸਿਹਤ ਸਹੂਲਤਾਂ ਉਸੇ ਤਰ੍ਹਾਂ ਕਾਇਮ ਰਹਿਣਗੀਆਂ। 20 ਫੀਸਦੀ ਤਨਖਾਹ ਵਿੱਚ ਕਟੌਤੀ ਤੋਂ ਇਲਾਵਾ ਵਾਈਟ ਕਾਲਰ ਵਰਕਰਾਂ ਅਤੇ ਕਾਰਜਕਾਰੀ ਅਧਿਕਾਰੀਆਂ ਦੀ ਤਨਖਾਹ ਵਿੱਚ ਪੰਜ ਜਾਂ 10 ਫੀਸਦੀ ਨਕਦ ਮੁਆਵਜ਼ੇ ਵਿੱਚ ਕਟੌਤੀ ਹੋਵੇਗੀ। ਇਸ ਵਿੱਚ ਬੋਨਸ, ਸਟਾਕ ਆਪਸ਼ਨਜ਼ ਜਾਂ ਹੋਰ ਸਹੂਲਤਾਂ ਬਾਹਰ ਰੱਖੀਆਂ ਜਾਣਗੀਆਂ। ਇਸ ਤਰ੍ਹਾਂ ਬੋਰਡ ਕੁੱਲ ਮੁਆਵਜ਼ੇ ਵਿੱਚ ਵੀਹ ਫੀਸਦੀ ਦੀ ਕਟੌਤੀ ਕਰੇਗਾ। ਕੰਪਨੀ ਦੇ ਬਿਆਨਾਂ ਅਨੁਸਾਰ ਕੋਵਿਡ-19 ਤੋਂ ਪਹਿਲਾ ਜਨਰਲ ਮੋਟਰਸ ਦਾ ਕਾਰੋਬਾਰ ਅਤੇ ਬੈਲੇਂਸ ਸ਼ੀਟ ਬਹੁਤ ਮਜ਼ਬੂਤ ਸੀ ਤੇ ਉਨ੍ਹਾਂ ਆਸ ਪ੍ਰਗਟ ਕੀਤੀ ਸੀ ਕਿ ਕੋਰੋਨਾ ਵਾਇਰਸ ਦਾ ਸੰਕਟ ਖਤਮ ਹੋਣ ਤੋਂ ਬਾਅਦ ਕਾਰੋਬਾਰ ਮੁੜ ਲੀਹਾਂ 'ਤੇ ਆ ਜਾਵੇਗਾ।

# ਧੀ, ਪੁੱਤਰ ਅਤੇ ਪਤਨੀ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ



ਕਰਨਾਲ, 29 ਮਾਰਚ (ਪੋਸਟ ਬਿਊਰੋ)- ਪਾਣੀਪਤ 'ਚ ਕੱਲ੍ਹ ਸਵੇਰੇ ਦੋ ਬੱਚਿਆਂ ਸਣੇ ਇੱਕੋ ਪਰਵਾਰ ਦੇ ਚਾਰ ਜੀਆਂ ਦੀ ਮੌਤ ਹੋ ਗਈ। ਇਹ ਘਟਨਾ ਰਾਸ਼ਨ ਡਿਪੂ ਚਲਾਉਣ ਵਾਲੇ ਅਨਿਲ ਸ਼ਰਮਾ ਦੇ ਘਰ ਦੀ ਹੈ, ਜਿਸ ਨੇ ਪਹਿਲਾਂ ਆਪਣੀ ਧੀ, ਪੁੱਤਰ ਅਤੇ ਪਤਨੀ ਨੂੰ ਗੋਲੀ ਮਾਰੀ ਅਤੇ ਫਿਰ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ। ਮ੍ਰਿਤਕ ਅਨਿਲ ਸ਼ਰਮਾ ਦੇ ਸਹੁਰੇ ਨੇ ਦੱਸਿਆ ਕਿ ਉਸ ਦੀ ਧੀ ਪੂਨਮ ਦਾ ਵਿਆਹ 2008 ਵਿੱਚ ਅਨਿਲ ਸ਼ਰਮਾ ਨਾਲ ਹੋਇਆ ਸੀ। ਉਹ ਆਪਣੀ ਨੌਂ ਸਾਲ ਦੀ ਧੀ ਪ੍ਰਾਚੀ ਅਤੇ ਪੰਜ ਸਾਲ ਦੇ ਪੁੱਤਰ ਅੰਸ਼ੂ ਨਾਲ ਪਾਣੀਪਤ ਦੇ ਰਾਜਨਾਗਰ ਵਿੱਚ ਰਹਿ ਰਹੇ ਸਨ। ਕੱਲ੍ਹ ਸਵੇਰੇ ਉਨ੍ਹਾਂ ਨੂੰ ਅਨਿਲ ਦੇ ਗੁਆਂਢੀਆਂ ਨੇ ਫੋਨ ਕੀਤਾ ਕਿ ਘਰ ਵਿੱਚ ਸਾਰਿਆਂ ਦੀਆਂ ਲਾਸ਼ਾਂ ਪਈਆਂ ਹਨ। ਘਟਨਾ ਦੀ ਸੂਚਨਾ ਮਿਲਦੇ ਸਾਰ ਡੀ ਐਸ ਪੀ ਰਾਜੇਸ਼ ਅਤੇ ਸੰਦੀਪ ਸਿੰਘ ਮੌਕੇ 'ਤੇ ਪੁੱਜੇ। ਉਨ੍ਹਾਂ ਦੱਸਿਆ ਕਿ ਸਾਰਿਆਂ ਦੀ ਮੌਤ ਗੋਲੀਆਂ ਲੱਗਣ ਨਾਲ ਹੋਈ ਹੈ ਅਤੇ ਸਾਰੀਆਂ ਗੋਲੀਆਂ ਅਨਿਲ ਦੇ ਲਾਇਸੈਂਸੀ ਰਿਵਾਲਵਰ ਤੋਂ ਚੱਲੀਆਂ ਹਨ। ਪੂਨਮ ਦੇ ਪਿਤਾ ਤੇ ਭਰਾ ਦਾ ਦੋਸ਼ ਹੈ ਕਿ ਜ਼ਮੀਨੀ ਵਿਵਾਦ ਕਾਰਨ ਅਨਿਲ ਆਪਣੇ ਪਿਤਾ ਅਤੇ ਉਸ ਦੇ ਦਿਓਰ ਸਣੇ ਹੋਰ ਪਰਵਾਰਕ ਮੈਂਬਰਾਂ ਤੋਂ ਤੰਗ ਸੀ ਅਤੇ ਉਸ ਨੂੰ ਘਰ ਤੋਂ ਬੇਦਖਲ ਕਰਨ ਦਾ ਦਬਾਅ ਬਣਾਇਆ ਜਾ ਰਿਹਾ ਸੀ।

# ਭਾਰਤੀ ਸੁਰੱਖਿਆ ਬਲਾਂ ’ਚ ਪੁੱਜਾ ਕੋਰੋਨਾ, ਤੇ ਦੇ ਦੋ ਜਵਾਨ ਮਿਲੇ ਪਾਜ਼ਿਟਿਵ

ਨਵੀਂ ਦਿੱਲੀ, 29 ਮਾਰਚ (ਪੋਸਟ ਬਿਊਰੋ)- ਬੀ.ਐੱਸ.ਐੱਫ. ਦੇ ਇੱਕ ਅਧਿਕਾਰੀ ਅਤੇ ਸੀ.ਆਈ.ਐੱਸ.ਐੱਫ. ਦੇ ਜਵਾਨ ਦੀ ਕੋਰੋਨਾ ਵਾਇਰਸ ਜਾਂਚਰਿਪੋਰਟ ਪਾਜ਼ਿਟਿਵ ਆਈ ਹੈ। ਅਧਿਕਾਰੀਆਂ ਅਨੁਸਾਰ ਨੀਮ ਫ਼ੌਜੀ ਬਲਾਂ ’ਚ ਇਸ ਵਾਇਰਸ ਦੀ ਲਾਗ ਦੇ ਇਹ ਪਹਿਲੇ ਮਾਮਲੇ ਸਾਹਮਣੇ ਆਏ ਹਨ।

ਸੀਮਾ ਸੁਰੱਖਿਆ ਬਲ (ਬੀ.ਐੱਸ.ਐੱਫ.) ਦੇ 57 ਸਾਲਾ ਅਧਿਕਾਰੀ ਮੱਧ ਪ੍ਰਦੇਸ਼ ਦੇ ਗਵਾਲੀਅਰ ਦੇ ਟੇਕਨਪੁਰ ਖੇਤਰ ਸਥਿਤ ਆਫ਼ੀਸਰ ਟ੍ਰੇਨਿੰਗ ਅਕੈਡਮੀ ’ਚ ਤਾਇਨਾਤ ਹਨ। ਉਨ੍ਹਾਂ ਨੂੰ ਸ਼ੱਕ ਹੈ ਕਿ ਉਹ ਪਰਿਵਾਰ ਦੇ ਕਿਸੇ ਮੈਂਬਰ ਤੋਂ ਹੀ ਕੋਰੋਨਾਪਾਜ਼ੀਟਿਵ ਹੋਏ ਹਨ। ਉਨ੍ਹਾਂ ਦਾ ਇੱਕ ਰਿਸ਼ਤੇਦਾਰ ਬੀਤੇ ਦਿਨੀਂ ਇੰਗਲੈਂਡ ਤੋਂ ਪਰਤਿਆ ਸੀ।

ਇੱਕ ਅਧਿਕਾਰੀ ਨੇ ਕਿਹਾ ਕਿ ਸੈਕੰਡਇਨਕਮਾਂਡ ਰੈਂਕ ਦੇ ਅਧਿਕਾਰੀ ਨੂੰ ਇੱਕ ਸਥਾਨਕ ਹਸਪਤਾਲ ’ਚ ਦਾਖ਼ਲ ਕਰਵਾਇਆ ਗਿਆ ਹੈ। ਬੀਐੱਸਐੱਫ਼ ਦੇ 24 ਤੋਂ ਵੱਧ ਜਵਾਨ ਜੋ ਉਨ੍ਹਾਂ ਦੇ ਸੰਪਰਕ ’ਚ ਆਏ ਹਨ, ਉਨ੍ਹਾਂ ਨੂੰ ਕੁਆਰਨਟਾਈਨ ਲਈ ਭੇਜ ਦਿੱਤਾ ਗਿਆ ਹੈ। ਇੱਕ ਹੋਰ ਮਾਮਲੇ ’ਚ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ.ਆਈ.ਐੱਸ.ਐੱਫ.) ਦੇ ਹੈੱਡਕਾਂਸਟੇਬਲ ਕੋਰੋਨਾ ਵਾਇਰਸ ਦੀ ਜਾਂਚ ਵਿੱਚ ਪਾਜ਼ਿਟਿਵ ਪਾਏ ਗਏ ਹਨ। ਇਸ ਵੇਲੇ ਉਹ ਮੁੰਬਈ ਦੇ ਕੌਮਾਂਤਰੀ ਹਵਾਈ ਅੱਡੇ ਉੱਤੇ ਤਾਇਨਾਤ ਹਨ। ਜਵਾਨ ਨੂੰ ਸਥਾਨਕ ਹਸਪਤਾਲ ’ਚ ਦਾਖ਼ਲ ਕਰਵਾਇਆ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਉਹ ਸ਼ਾਇਦ ਮਹਾਂਨਗਰ ਦੇ ਬਹੁਤ ਰੁਝੇਵਿਆਂ ਵਾਲੇ ਹਵਾਈ ਅੱਡੇ ਉੱਤੇ ਡਿਊਟੀ ਦੌਰਾਨ ਕੋਰੋਨਾ ਦੀ ਲਾਗ ਅਧੀਨ ਆ ਗਏ ਹੋਣਗੇ।

# ਦਿੱਲੀ ਵਿੱਚੋਂ ਯੂ ਪੀ, ਬਿਹਾਰ, ਝਾਰਖੰਡ ਜਾਣ ਨੂੰ ਕਾਹਲੇ ਲੋਕਾਂ ਦਾ ਹੜ੍ਹ ਵਗ ਪਿਆ

*** ਨਿਤੀਸ਼ ਨੇ ਕਿਹਾ: ਬਾਹਰੋਂ ਆਏ ਲੋਕਾਂ ਨੂੰ ਬਿਹਾਰ ਨਹੀਂ ਵੜਨ ਦਿਆਂਗੇ * ਬਾਹਰੋਂ ਆਏ ਇਕ ਲੱਖ ਲੋਕਾਂ ਨੂੰ ਯੂ ਪੀ ਸਰਕਾਰ ਵੱਖਰੇ ਰੱਖੇਗੀ**



ਨਵੀਂ ਦਿੱਲੀ, 29 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਨੂੰ ਰੋਕਣ ਲਈ ਸਾਰੇ ਭਾਰਤ ਵਿੱਚ ਲੱਗੇ ਲਾਕਡਾਊਨ ਨੂੰ ਉਲੰਘਦੇ ਹੋਏ ਅੱਜ ਸ਼ਨਿਚਰਵਾਰ ਦਿੱਲੀ ਦੇ ਅਨੰਦ ਵਿਹਾਰ ਬੱਸ ਸਟੈਂਡ ਉੱਤੇ ਲੋਕਾਂ ਦਾ ਹੜ੍ਹ ਵਗ ਪਿਆ। ਬੱਸ ਅੱਡੇ ਤੋਂ ਹਰ ਪਾਸੇ ਲੋਕਾਂ ਦਾ ਸਿਰਫ਼ ਇਕੱਠ ਨਜ਼ਰ ਆਉਂਦਾ ਸੀ ਅਤੇ ਹਰ ਕੋਈ ਬੱਸ ਵਿੱਚ ਚੜ੍ਹਨ ਦੀ ਝਾਕ ਵਿੱਚ ਭੱਜ ਰਿਹਾ ਸੀ। ਜਿਸ ਪਾਸੇ ਤੋਂ ਕਿਸੇ ਬੱਸ ਜਾਣ ਦਾ ਰੌਲਾ ਪੈਂਦਾ, ਲੋਕ ਓਧਰ ਨੂੰ ਭੱਜ ਉੱਠਦੇ ਸਨ।

ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਰੋਕਣ ਲਈ ਲਾਏ ਲਾਕਡਾਊਨ ਦੇ ਬਾਅਦ ਰੋਟੀ ਦੇ ਸੰਕਟ ਨਾਲ ਦਿੱਲੀ ਤੋਂ ਪ੍ਰਵਾਸੀ ਮਜ਼ਦੂਰਾਂ ਦਾ ਆਪਣੇ ਰਾਜਾਂ ਨੂੰ ਭੱਜਣਾ ਪਿਛਲੇ ਤਿੰਨ ਦਿਨਾਂ ਤੋਂ ਜਾਰੀ ਹੈ। ਸ਼ਨਿਚਰਵਾਰ ਇਹ ਗਿਣਤੀ ਕਈ ਗੁਣਾ ਵਧ ਗਈ। ਡਰ, ਭੁੱਖ ਅਤੇ ਭਵਿੱਖ ਦੀ ਬੇਯਕੀਨੀ ਕਾਰਨ ਲੋਕ ਦਿੱਲੀ ਤੇ ਨੇੜਲੇ ਇਲਾਕਿਆਂ ਨੂੰ ਛੱਡ ਰਹੇ ਹਨ। ਕੁਝ ਲੋਕ ਪੈਦਲ ਹੀ ਆਪਣੇ ਪਿੰਡਾਂ ਨੂੰ ਚੱਲ ਪਏ ਸਨ, ਪਰ ਬੱਸਾਂ ਚੱਲਣ ਨਾਲ ਹਾਲਾਤ ਬੇਕਾਬੂ ਹੋ ਰਹੇ ਹਨ।

ਇਹੋ ਜਿਹੇ ਹਾਲਾਤ ਵਿਚ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਕਿਹਾ ਹੈ ਕਿ ਯਾਤਰੀ ਨੂੰ ਲੈ ਕੇ ਆਈ ਹਰ ਬੱਸ ਨੂੰ ਬਿਹਾਰ ਦੀ ਹੱਦ ਉੱਤੇ ਰੋਕ ਦਿੱਤਾ ਜਾਵੇਗਾ। ਉਨ੍ਹਾ ਸਾਫ ਕਿਹਾ ਕਿ ਇਸ ਤਰ੍ਹਾਂ ਲਾਕਡਾਊਨ ਫੇਲ੍ਹ ਹੋਣ ਦਾ ਖਤਰਾ ਹੈ, ਇਸ ਲਈ ਬਾਹਰੋਂ ਆਏ ਕਿਸੇ ਨੂੰ ਬਿਹਾਰ ਵਿੱਚ ਨਹੀਂ ਵੜਨ ਦਿੱਤਾ ਜਾਵੇਗਾ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਹੁਕਮ ਜਾਰੀ ਕੀਤੇ ਹਨ ਕਿ ਪਿਛਲੇ ਤਿੰਨ ਦਿਨਾਂ ਵਿਚ ਇਸ ਰਾਜ ਵਿਚ ਆ ਪਹੁੰਚੇ ਕਰੀਬ ਇਕ ਲੱਖ ਲੋਕਾਂ ਨੂੰ ਹਾਲ ਦੀ ਘੜੀ ਆਈਸੋਲੇਸ਼ਨ ਵਿਚ ਰੱਖਿਆ ਜਾਵੇਗਾ।

ਦਿੱਲੀ, ਹਰਿਆਣਾ ਆਦਿ ਦੇ ਸ਼ਹਿਰਾਂ ਤੋਂ ਪੈਦਲ ਹੀ ਆਪਣੇ ਪਿੰਡ ਨੂੰ ਚੱਲ ਪਏ ਲੋਕਾਂ ਦੀ ਮਦਦ ਲਈ ਪ੍ਰਸ਼ਾਸਨ ਨੇ ਦਿੱਲੀ ਤੋਂ ਕੁਝ ਬੱਸਾਂ ਤੋਰੀਆਂ ਹਨ। ਨੋਇਡਾ ਤੇ ਗਾਜ਼ੀਆਬਾਦ ਵਗੈਰਾ ਤੋਂ ਉੱਤਰ ਪ੍ਰਦੇਸ਼ ਸਰਕਾਰ ਨੇ ਬਿਹਾਰ ਲਈ ਬੱਸਾਂ ਚਲਾਈਆਂ ਹਨ। ਇਸ ਖਬਰ ਤੋਂ ਬਾਅਦ ਨਿਤਿਸ਼ ਕੁਮਾਰ ਨੇ ਉੱਚ ਪੱਧਰੀ ਮੀਟਿੰਗ ਕਰ ਕੇ ਹੱਦ ਉੱਤੇ ਬੱਸਾਂ ਨੂੰ ਰੋਕਣ ਤੇ ਮੁਸਾਫਰਾਂ ਲਈ ਕੈਂਪ ਲਾਉਣ ਨੂੰ ਕਿਹਾ ਹੈ। ਲੋਕਾਂ ਨੂੰ ਹੱਦ ਉੱਤੇ ਖਾਣਾ, ਰਿਹਾਇਸ਼ ਤੇ ਡਾਕਟਰੀ ਸਹੂਲਤ ਦਿੱਤੀ ਜਾਵੇਗੀ।

# ਲਾਕਡਾਊਨ ਵਿੱਚ ਪੈਸੇ ਦੀ ਕਮੀ ਰੋਕਣ ਲਈ ਸਰਕਾਰੀ ਬੈਂਕਾਂ ਦੀ ਸਪੈਸ਼ਲ ਲੋਨ ਆਫਰ

ਨਵੀਂ ਦਿੱਲੀ, 29 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਕਾਰਨ ਦੇਸ਼ ਲਾਕਡਾਊਨ ਹੈ। ਨੌਕਰੀ ਤੋਂ ਲੈ ਕੇ ਕਾਰੋਬਾਰ ਤੱਕ ਸਭ ਠੱਪ ਹੈ। ਅਜਿਹੇ ਵਿੱਚ ਗਾਹਕਾਂ ਦੀ ਲੋੜ ਦਾ ਧਿਆਨ ਰੱਖਦੇ ਹੋਏ ਕਈ ਬੈਂਕ ਖਾਸ ਐਮਰਜੈਂਸੀ ਲੋਨ ਆਫਰ ਲੈ ਕੇ ਆਏ ਹਨ। ਸਰਕਾਰੀ ਕਰਜ਼ ਦਾਤਾ ਇੰਡੀਅਨ ਬੈਂਕ, ਯੂਨੀਅਨ ਬੈਂਕ ਆਫ ਇੰਡੀਆ ਤੇ ਬੈਂਕ ਆਫ ਬੜੌਦਾ ਨੇ ਇਨ੍ਹਾਂ ਸਪੈਸ਼ਲ ਐਮਰਜੈਂਸੀ ਲੋਨ ਆਫਰਜ਼ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਕੇਨਰਾ ਬੈਂਕ, ਯੂਕੋ ਬੈਂਕ ਅਤੇ ਇੰਡੀਅਨ ਓਵਰਸੀਜ਼ ਬੈਂਕ ਨੇ ਵੀ ਗਾਹਕਾਂ ਲਈ ਇਸ ਤਰ੍ਹਾਂ ਦੀ ਸਹੂਲਤ ਦੀ ਪੇਸ਼ਕਸ਼ ਕੀਤੀ ਹੈ।

ਇੰਡੀਅਨ ਬੈਂਕ ਦੀ ਐਮ ਡੀ ਪਦਾਜਾ ਚੁੰਦਰੂ ਨੇ ਕਿਹਾ ਕਿ ਗਾਹਕਾਂ ਲਈ ਰੁਕਾਵਟ ਰਹਿਤ ਬੈਂਕਿੰਗ ਸਰਵਿਸ ਤੇ ਸਟਾਫ ਦੀ ਸੁਰੱਖਿਆ ਯਕੀਨੀ ਕੀਤੀ ਜਾ ਰਹੀ ਹੈ। ਇਸ ਚੁਣੌਤੀ ਦੇ ਸਮੇਂ ਵਿੱਚ ਬੈਂਕ ਆਪਣੇ ਗਾਹਕਾਂ ਦੇ ਨਾਲ ਹੈ। ਅਰਥ ਵਿਵਸਥਾ ਦੇ ਕਈ ਸੈਕਟਰਾਂ ਵਿੱਚ ਮੁਸ਼ਕਲਾਂ ਦੇਖਦੇ ਹੋਏ ਅਸੀਂ ਬਿਜ਼ਨਸ ਅਤੇ ਹੋਰ ਗਾਹਕਾਂ ਦੀ ਨਕਦੀ ਦੀ ਲੋੜ ਨੂੰ ਪੂਰਾ ਕਰਨ ਲਈ ਕਈ ਪ੍ਰੋਡਕਟ ਲਾਂਚ ਕੀਤੇ ਹਨ। ਯੂਨੀਅਨ ਬੈਂਕ ਆਫ ਇੰਡੀਆ ਨੇ ਟਵਿਟ ਕੀਤਾ ਕਿ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਦੇਖ ਕੇ ਯੂਨੀਅਨ ਬੈਂਕ ਆਫ ਇੰਡੀਆ ਆਪਣੇ ਸਾਰੇ ਗਾਹਕਾਂ ਦੀ ਮਦਦ ਲਈ ਕੋਵਿਡ ਐਮਰਜੈਂਸੀ ਲਾਈਨ ਆਫ ਕ੍ਰੈਡਿਟ ਲੈ ਕੇ ਆਇਆ ਹੈ, ਜਿਹੜਾ ਗਾਹਕਾਂ ਲਈ ਵਾਧੂ ਲੋਨ ਦੀ ਸਹੂਲਤ ਦਿੰਦਾ ਹੈ। ਬੈਂਕ ਆਫ ਇੰਡੀਆ ਨੇ ਵੀ ਗਾਹਕਾਂ ਲਈ ਐਮਰਜੈਂਸੀ ਲੋਨ ਸਹੂਲਤ ਦਾ ਐਲਾਨ ਕੀਤਾ ਹੈ। ਬੈਂਕ ਆਫ ਬੜੌਦਾ ਨੇ ਕਿਹਾ ਕਿ ਕੋਰੋਨਾ ਤੋਂ ਪ੍ਰਭਾਵਤ ਕਾਰ-ਪੋਰੇਟ ਗਾਹਕਾਂ ਅਤੇ ਐੱਮ ਐੱਸ ਐੱਮ ਈ ਲਈ ਉਸ ਨੇ ਐਮਰਜੈਂਸੀ ਕ੍ਰੈਡਿਟ ਲਾਈਨ ਦਾ ਪ੍ਰਬੰਧ ਕੀਤਾ ਹੈ। ਇਹ ਸਟੇਟ ਬੈਂਕ ਆਫ ਇੰਡੀਆ ਵੱਲੋਂ ਪਿਛਲੇ ਹਫਤੇ ਦਿੱਤੀ ਐਲਾਨ ਫੰਡ ਸਹੂਲਤ ਦੀ ਤਰ੍ਹਾਂ ਹੈ। ਕੇਨਰਾ ਬੈਂਕ ਨੇ ਟਵਿਟ ਕੀਤਾ ਕਿ ਇਹ ਬੈਂਕ ਐੱਮ ਐੱਸ ਐੱਮ ਈ, ਕਾਰਪੋਰੇਟ, ਬਿਜ਼ਨਸ, ਖੇਤੀ ਤੇ ਹੋਰਨਾਂ ਗਾਹਕਾਂ ਕੋਲ ਨਕਦੀ ਪ੍ਰਵਾਹ ਬਣਾਈ ਰੱਖਣ ਲਈ ਸਪੈਸ਼ਲ ਲੋਨ ਸਕੀਮ ਲੈ ਕੇ ਆਇਆ ਹੈ। ਇੰਡੀਅਨ ਓਵਰਸੀਜ਼ ਬੈਂਕ ਨੇ ਸਾਰੇ ਐੱਮ ਐੱਸ ਐੱਮ ਦੀ ਗਾਹਕਾਂ ਲਈ ਐੱਮ ਐੱਸ ਐੱਮ ਈ ਪ੍ਰੋਡਕਟ ਕੋਵਿਡ ਲਾਈਨ ਆਫ ਸਪੋਰਟ ਸਕੀਮ ਪੇਸ਼ ਕੀਤੀ ਹੈ।





# ਕੋਰੋਨਾ ਵਾਇਰਸ ਤੋਂ ਲੋਕਾਂ ਨੂੰ ਬਚਾਉਣ ਲਈ ਇਟਲੀ ਦੀ ਨਰਸ ਨੇ ਖ਼ੁਦਕੁਸ਼ੀ ਕੀਤੀ



ਰੋਮ, 29 ਮਾਰਚ (ਪੋਸਟ ਬਿਊਰੋ)- ਇਟਲੀ ਵਿੱਚ ਕੋਰੋਨਾ ਵਾਇਰਸ ਵੱਲੋਂ ਕੀਤੀ ਜਾਂਦੀ ਤਬਾਹੀ ਨੇ ਇਟਲੀ ਨੂੰ ਅੰਦਰੋਂ ਝੰਜੋੜ ਕੇ ਰੱਖ ਦਿੱਤਾ ਹੈ, ਪਰ ਸਰਕਾਰ, ਇਟਲੀ ਦੇ ਡਾਕਟਰਾਂ ਤੇ ਪੁਲਸ ਵਿਭਾਗ ਵੱਲੋਂ ਇਟਲੀ ਵੱਲੋਂ ਇਟਲੀ ਵਾਸੀਆਂ ਦੀ ਜ਼ਿੰਦਗੀ ਨੂੰ ਬਚਾਉਣ ਲਈ ਜੰਗ ਲਗਾਤਾਰ ਜਾਰੀ ਹੈ। ਕੋਰੋਨਾ ਵਇਰਸ ਨਾਲ ਨੱਕੋ-ਨੱਕ ਭਰੇ ਇਟਲੀ ਦੇ ਹਸਪਤਾਲਾਂ ਵਿੱਚ ਲੋਕਾਂ ਦਾ ਇਲਾਜ ਕਰਦੇ ਡਾਕਟਰ ਕਿਸੇ ਮਸੀਹੇ ਤੋਂ ਘੱਟ ਨਹੀਂ। ਕਈ ਡਾਕਟਰ ਲੋਕਾਂ ਦਾ ਜੀਵਨ ਬਚਾਉਂਦੇ ਖੁਦ ਆਪਣੀ ਜਾਨ ਗੁਆ ਚੁੱਕੇ ਹਨ। ਅਜਿਹੇ ਦਲੇਰ ਡਾਕਟਰਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਪਿਛਲੇ ਦਿਨੀਂ ਇੱਕ ਨਰਸ ਲੋਕਾਂ ਦੀ ਜਾਨ ਬਚਾਉਂਦਿਆਂ ਖੁਦ ਕੋਰੋਨਾ ਵਾਇਰਸ ਦੀ ਮਰੀਜ਼ ਬਣ ਗਈ। ਇਹ ਨਰਸ, ਜਿਸ ਦਾ ਨਾਂਅ ਦਾਨੀਏਲਾ ਟਰੇਸੀ (34) ਸੀ, ਲੰਬਾਰਦੀਆ ਦੇ ਹਸਪਤਾਲ ਵਿੱਚ ਤੈਨਾਤ ਸੀ। ਉਸ ਨੂੰ ਜਦੋਂ ਪਤਾ ਲੱਗਾ ਕਿ ਉਹ ਕੋਰੋਨਾ ਵਾਇਰਸ ਪਾਜ਼ਿਟਿਵ ਹੈ ਤਾਂ ਉਸ ਨੇ ਆਪਣੇ ਆਪ ਨੂੰ ਖਤਮ ਕਰਨਾ ਬਿਹਤਰ ਸਮਝਿਆ। ਕੋਰੋਨਾ ਵਾਇਰਸ ਨਾਲ ਇਟਲੀ ਹਾਲਤ ਤੋਂ ਉਹ ਬਹੁਤ ਜ਼ਿਆਦਾ ਚਿੰਤਤ ਸੀ, ਜਿਸ ਕਾਰਨ ਉਸ ਨੂੰ ਇਹ ਫੈਸਲਾ ਲਿਆ।

ਨੈਸ਼ਨਲ ਫੈਡਰੇਸ਼ਨ ਆਫ ਨਰਸਿਜ਼ ਇਟਲੀ ਨੇ ਮੀਡੀਆ ਨੂੰ ਇਹ ਜਾਣਕਾਰੀ ਦਿੱਤੀ ਹੈ, ਜਿਸ ਵਿੱਚ ਫੈਡਰੇਸ਼ਨ ਨੇ ਦਾਨੀਏਲਾ ਟਰੇਸੀ ਨਾਮਕ ਨਰਸ ਦੇ ਮੌਤ ਦੇ ਕਾਰਨਾਂ ਦਾ ਜ਼ਿਕਰ ਕੀਤਾ ਅਤੇ ਇਹ ਸਪੱਸ਼ਟ ਕੀਤਾ ਕਿ ਇਹ ਨਰਸ ਕੋਰੋਨਾ ਵਾਇਰਸ ਨਾਲ ਇਟਲੀ ਦੇ ਮਾੜੇ ਹਾਲਾਤ ਕਾਰਨ ਕਾਫੀ ਪ੍ਰੇਸ਼ਾਨ ਸੀ। ਫਿਰ ਉਸ ਨੂੰ ਕੋਰੋਨਾ ਨੇ ਜਕੜ ਲਿਆ। ਦਾਨੀਏਲਾ ਟਰੇਸੀ ਨੇ ਹੋਰਨਾਂ ਲਈ ਪ੍ਰੇਸ਼ਾਨੀ ਨਾ ਬਣ ਕੇ ਆਪਣੇ ਆਪ ਨੂੰ ਖਤਮ ਕਰਨਾ ਠੀਕ ਸਮਝਿਆ।

# ਬਰਗਾਮੋ ਵਿੱਚ ਕੋਰੋਨਾ ਕਹਿਰ ਦਾ ਕਾਰਨ ਇੱਕ ਮੈਚ ਬਣਿਆ




ਰੋਮ, 29 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਇਟਲੀ 'ਚ ਬਰਗਾਮੋ ਸ਼ਹਿਰ ਮਹਾਮਾਰੀ ਦਾ ਕੇਂਦਰ ਬਣ ਗਿਆ ਹੈ। ਏਥੇ ਵਾਇਰਸ ਦੇ ਬੇਕਾਬੂ ਹੋਣ ਦਾ ਇੱਕ ਅਹਿਮ ਕਾਰਨ ਪਤਾ ਲੱਗਾ ਹੈ।

ਮਾਹਰਾਂ ਦਾ ਮੰਨਣਾ ਹੈ ਕਿ ਐਟਲਾਂਟਾ ਅਤੇ ਵੇਲੈਂਸੀਆ ਵਿਚਕਾਰ ਸੈਨ ਸਿਰੋ ਸਟੇਡੀਅਮ ਵਿੱਚ ਖੇਡੇ ਗਏ ਫੁੱਟਬਾਲ ਮੈਚ ਕਾਰਨ ਸਵਾ ਲੱਖ ਦੀ ਆਬਾਦੀ ਵਾਲੇ ਬਰਗਾਮੋ ਵਿੱਚ ਵਾਇਰਸ ਤੇਜ਼ੀ ਨਾਲ ਫੈਲ ਗਿਆ। ਇਹ ਮੈਚ ਫਰਵਰੀ ਵਿੱਚ ਇਟਲੀ ਵਿੱਚ ਸਥਾਨਕ ਪੱਧਰ 'ਤੇ ਵਾਇਰਸ ਦਾ ਪਹਿਲਾ ਕੇਸ ਸਾਹਮਣੇ ਆਉਣ ਤੋਂ ਦੋ ਦਿਨ ਪਹਿਲੇ ਖੇਡਿਆ ਗਿਆ ਸੀ। ਮੈਚ ਵੇਲੇ ਸਟੇਡੀਅਮ ਵਿੱਚ 45,792 ਦਰਸ਼ਕ ਸਨ। ਇਸ ਯੂਰਪੀ ਦੇਸ਼ ਵਿੱਚ ਅੱਜ ਤੱਕ ਕਰੀਬ 75 ਹਜ਼ਾਰ ਲੋਕ ਇਸ ਵਾਇਰਸ ਤੋਂ ਪ੍ਰਭਾਵਤ ਨਿਕਲੇ ਹਨ ਅਤੇ ਸਾਢੇ ਸੱਤ ਹਜ਼ਾਰ ਤੋਂ ਜ਼ਿਆਦਾ ਦੀ ਮੌਤ ਹੋ ਚੁੱਕੀ ਹੈ। ਉੱਤਰੀ ਇਟਲੀ ਦੇ ਮਿਲਾਨ ਸ਼ਹਿਰ ਤੋਂ ਕਰੀਬ 60 ਕਿਲੋਮੀਟਰ ਦੂਰ ਬਰਗਾਮੋ ਵਿੱਚ ਸਭ ਤੋਂ ਵੱਧ ਪੀੜਤ ਦੱਸੇ ਜਾਂਦੇ ਹਨ। ਸ਼ਹਿਰ ਵਿੱਚ ਵਿਗੜੇ ਹਾਲਾਤ ਨਾਲ ਨਜਿੱਠਣ ਲਈ ਫੌਜ ਲਾਈ ਗਈ ਹੈ। ਬਰਗਾਮੋ ਦੇ ਮੇਅਰ ਜਾਰਜੀਓ ਗੋਰੀ ਨੇ ਇੱਕ ਫੇਸਬੁਕ ਚੈਟ ਵਿੱਚ ਕਿਹਾ ਕਿ ਮੱਧ ਫਰਵਰੀ ਤੱਕ ਅਸੀਂ ਹਾਲਾਤ ਬਾਰੇ ਕੁਝ ਨਹੀਂ ਜਾਣਦੇ ਸੀ ਕਿ ਕੀ ਹੋ ਰਿਹਾ ਹੈ?। ਜੇ ਇਹ ਸੱਚ ਹੈ ਕਿ ਯੂਰਪ ਵਿੱਚ ਜਨਵਰੀ ਵਿੱਚ ਵਾਇਰਸ ਪੁੱਜ ਗਿਆ ਸੀ ਤਾਂ ਇਸ ਦੀ ਪੂਰੀ ਆਸ ਹੈ ਕਿ ਸੈਨ ਸਿਰੋ ਵਿੱਚ ਮੈਚ ਦੇਖਣ ਵਾਲੇ ਕਰੀਬ 45 ਹਜ਼ਾਰ ਬਰਗਾਮੋ ਵਾਸੀ ਵੀ ਕੋਰੋਨਾ ਦੇ ਵਾਇਰਸ ਤੋਂ ਪ੍ਰਭਾਵਤ ਹੋਏ ਹੋਣਗੇ। ਇਹ ਵੀ ਸੰਭਵ ਹੋ ਸਕਦਾ ਹੈ ਕਿ ਮੈਚ ਦੇਖਣ ਵਾਲਿਆਂ ਕਾਰਨ ਗਿਣਤੀ ਵੱਡੀ ਹੋ ਸਕਦੀ ਹੈ।

# ਜ਼ਰੂਰਤਮੰਦ ਦੋਸਤ ਦੇ ਘਰ ਡਰੋਨ ਨਾਲ ਟਾਇਲਟ ਪੇਪਰ ਭੇਜਿਆ



ਸਾਨ ਫਰਾਂਸਿਸਕੋ, 29 ਮਾਰਚ (ਪੋਸਟ ਬਿਊਰੋ)- ਲੋਕਾਂ ਨੇ ਖੁਦ ਨੂੰ ਕੋਰੋਨਾ ਤੋਂ ਬਚਾਉਣ ਲਈ ਘਰਾਂ ਦੇ ਅੰਦਰ ਬੰਦ ਕਰ ਲਿਆ ਹੈ। ਕਈ ਦਿਨਾਂ ਤੋਂ ਵੀਡੀਓਜ਼ ਕਈ ਤਰ੍ਹਾਂ ਦੇ ਸਾਹਮਣੇ ਆ ਰਹੇ ਹਨ। ਅਮਰੀਕਾ ਤੇ ਬ੍ਰਿਟੇਨ ਵਿੱਚ ਟਾਇਲਟ ਪੇਪਰ ਤੱਕ ਨਹੀਂ ਮਿਲ ਰਿਹਾ। ਗਰਾਸਰੀ ਸ਼ਾਪਸ ਖਾਲੀ ਹੋ ਚੁੱਕੇ ਹਨ।

ਇਸੇ ਦੌਰਾਨ ਸਾਨ ਫਰਾਂਸਿਸਕੋ ਵਿੱਚ ਇੱਕ ਦੋਸਤ ਦੇ ਘਰ ਟਾਇਲਟ ਪੇਪਰ ਖਤਮ ਹੋ ਗਏ ਸਨ। ਉਸ ਦੇ ਦੋਸਤ ਨੇ ਡਰੋਨ ਨਾਲ ਆਪਣੇ ਦੋਸਤ ਦੇ ਘਰ ਟਾਇਲਟ ਪੇਪਰ ਭੇਜ ਦਿੱਤਾ। ਆਈਨ ਚੈਨ ਨਾਂਅ ਦੇ ਟਵਿੱਟਰ ਯੂਜਰ ਨੇ ਇਸ ਦਾ ਵੀਡੀਓ ਪੋਸਟ ਕੀਤਾ ਹੈ। ਉਹ ਪਹਿਲਾਂ ਟਵਿੱਟਰ ਵਿੱਚ ਕੰਮ ਕਰਦੇ ਸਨ। ਉਨ੍ਹਾਂ ਦੇ ਘਰ ਵਿੱਚ ਟਾਇਲਟ ਪੇਪਰ ਖਤਮ ਹੋ ਗਏ। ਫਿਰ ਉਸ ਦੇ ਦੋਸਤ ਨੇ ਉਨ੍ਹਾਂ ਦੀ ਮਦਦ ਕਰਨ ਦੀ ਸੋਚੀ ਤੇ ਡਰੋਨ ਰਾਹੀਂ ਟਾਇਲਟ ਪੇਪਰ ਭੇਜੇ। ਖਬਰਾਂ ਮੁਤਾਬਕ ਚੈਨ ਨੂੰ ਉਸ ਦੇ ਦੋਸਤ ਡੇਵਡ ਨੇ ਉਨ੍ਹਾਂ ਨੂੰ ਇਹ ਸਰਪ੍ਰਾਈਜ਼ ਦਿੱਤਾ। ਡੇਵਿਡ ਇੱਕ ਸਕਿਲਡ ਡਰੋਨ ਪਾਇਲਟ ਹੈ। ਉਨ੍ਹਾਂ ਨੇ ਆਪਣੇ ਦੋਸਤ ਦੇ ਕੋਲ ਡਰੋਨ ਦੇ ਜ਼ਰੀਏ ਇਹ ਟਾਇਲਟ ਪੇਪਰ ਰੋਲ ਭੇਜ ਕੇ ਉਸ ਨੂੰ ਸਰਪ੍ਰਾਈਜ਼ ਦਿੱਤਾ।

# ਕੋਰੋਨਾ ਨਾਲ ਜੰਗ ਲਈ ਅਮਰੀਕਾ ਨੇ ਖਜ਼ਾਨੇ ਦਾ ਮੂੰਹ ਖੋਲ੍ਹਿਆ

*** ਭਾਰਤ ਸਮੇਤ 64 ਦੇਸ਼ਾਂ ਨੂੰ 13 ਅਰਬ ਡਾਲਰ ਦਾ ਪੈਕੇਜ**

ਵਾਸ਼ਿੰਗਟਨ, 29 ਮਾਰਚ (ਪੋਸਟ ਬਿਊਰੋ)- ਕੋਰੋਨਾ ਦੇ ਖਿਲਾਫ ਜੰਗ ਲਈ ਅਮਰੀਕਾ ਨੇ ਆਪਣਾ ਖਜ਼ਾਨਾ ਖੋਲ੍ਹ ਦਿੱਤਾ ਤੇ ਭਾਰਤ ਸਮੇਤ 64 ਦੇਸ਼ਾਂ ਨੂੰ 17.4 ਕਰੋੜ ਡਾਲਰ ਦਾ ਵਾਧੂ ਆਰਥਿਕ ਪੈਕੇਜ ਦੇਣ ਦਾ ਐਲਾਨ ਦਿੱਤਾ ਹੈ। ਅਮਰੀਕਾ ਦੇ ਵਿਦੇਸ਼ ਮੰਤਰਾਲਾ ਨੇ ਕਿਹਾ ਹੈ ਕਿ ਇਸ ਪੈਕੇਜ ਵਿੱਚੋਂ ਉਹ ਲੈਬਾਰਟਰੀ ਬਣਾਉਣ, ਕੇਸਾਂ ਦੀ ਖੋਜ ਅਤੇ ਘਟਨਾਵਾਂ 'ਤੇ ਆਧਾਰਤ ਨਿਗਰਾਨੀ ਨੂੰ ਸਰਗਰਮ ਕਰਨ ਅਤੇ ਪ੍ਰਕਿਰਿਆ ਤੇ ਤਿਆਰੀ ਲਈ ਤਕਨੀਕੀ ਮਾਹਰਾਂ ਦੀ ਮਦਦ ਕਰਨ ਦੇ ਮਕਸਦ ਨਾਲ ਭਾਰਤ ਸਰਕਾਰ ਨੂੰ 29 ਲੱਖ ਡਾਲਰ ਦੀ ਮਦਦ ਦੇ ਰਿਹਾ ਹੈ। ਇਹ ਮਦਦ ਫਰਵਰੀ ਵਿੱਚ ਅਮਰੀਕਾ ਵੱਲੋਂ ਐਲਾਨੇ 10 ਕਰੋੜ ਡਾਲਰ ਦੀ ਮਦਦ ਤੋਂ ਵੱਖਰੀ ਹੈ। ਅਮਰੀਕੀ ਅੰਤਰਾਰਸ਼ਟਰੀ ਵਿਕਾਸ ਏਜੰਸੀ (ਯੂਐੱਸ ਏ ਆਈ ਡੀ) ਦੇ ਉਪ ਪ੍ਰਸ਼ਾਸਕ ਬੋਨੀ ਗਿਲਕ ਮੁਤਾਬਕ ਇਹ ਨਵੀਂ ਮਦਦ ਅਮਰੀਕਾ ਦੇ ਕੌਮਾਂਤਰੀ ਸਿਹਤ ਸੰਬੰਧੀ ਲੀਡਰਸ਼ਿਪ ਨੂੰ ਹੋਰ ਮਜ਼ਬੂਤ ਕਰੇਗੀ। ਆਰਥਿਕ ਮਦਦ ਦੇ ਐਲਾਨ ਤੋਂ ਬਿਨਾ ਅਮਰੀਕਾ ਆਪਣੇ ਦੋਸਤਾਂ ਤੇ ਸਹਿਯੋਗੀਆਂ ਨੂੰ ਲੋੜੀਂਦੇ ਵੈਂਟੀਲੇਟਰਾਂ ਦੀ ਸਪਲਾਈ ਕਰਨ ਲਈ ਵੀ ਤਿਆਰ ਹੈ। ਅਮਰੀਕੀ ਇਤਿਹਾਸ ਦੇ ਸਭ ਤੋਂ ਵੱਡੇ 2000 ਅਰਬ ਡਾਲਰ ਦੇ ਆਰਥਿਕ ਪੈਕੇਜ ਨੂੰ ਸੈਨੇਟ ਤੋਂ ਪਾਸ ਕਰਾਉਣ ਪਿੱਛੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮਨਜ਼ੂਰੀ ਮਿਲ ਗਈ ਹੈ। ਟਰੰਪ ਨੇ ਕੋਰੋਨਾ ਵਾਇਰਸ ਤੋਂ ਪ੍ਰਭਾਵਤ ਅਰਥ ਵਿਵਸਥਾ ਲਈ ਸ਼ੁੱਕਰਵਾਰ ਇਸ ਆਰਥਿਕ ਪੈਕੇਜ ਦਾ ਐਲਾਨ ਕੀਤਾ ਸੀ। ਉਨ੍ਹਾ ਨੇ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨੂੰ ਕਿਹਾ ਕਿ ਆਰਥਿਕ ਪੈਕੇਜ ਨਾਲ ਤੁਰੰਤ ਰਾਹਤ ਦੀ ਲੋੜ ਪੂਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਫੰਡ ਨਾਲ ਅਮਰੀਕਾ ਆਪਣੇ ਛੋਟੇ ਅਤੇ ਵੱਡੇ ਬਿਜ਼ਨਸ ਨੂੰ ਮਜ਼ਬੂਤ ਬਣਾਵੇਗਾ।

ਬਿਜਲੀ ਦਾ ਕੋਈ ਵੀ ਛੋਟਾ ਜਾਂ ਵੱਡਾ ਕੰਮ
FOR ALL KINDS OF ELECTRICAL WORK




INDOOR ਜਾਂ OUTDOOR LED POT LIGHTS ਲਗਵਾਉਣ ਤੇ DIMMER FREE ਲਗਵਾਉ

- ★ Industrial Lighting / Automation
- ★ Residential/ Commercial/ Industrial
- ★ Basement / Custom Homes Wiring
- ★ Service Panel Upgrading
- ★ Fire Alarm / Security System
- ★ Drive way Lights
- ★ CCTV Camera
- ★ UPS & Battery Banks



Contact: Nirmal Johal
Certified Technician
647-716-2677

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!! 905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing
GF1
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

## A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

## PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

## RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੁਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 I 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

## UPPAL LAW
**IMMIGRATION SERVICES**
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

AVTAR UPPAL
Manager

**OTHER PRACTICES**
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

## ਫੋਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢੱਲਾ

www.BramptonTopRelator.com
JAG AUJLA
REAL ESTATE BROKER
416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH

Top 1% Ranked in Broker
Call For a Quick & Free Home Evaluation
www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON
ਹਰੰਟਾਰੀਓ (ਹਾਈਵੇ 10) / ਮੇਅਫੀਲਡ
ਬਹੁਤ ਹੀ ਸੋਹਣਾ ਅਤੇ ਸ਼ਾਨਦਾਰ ਡੀਟੈਚਡ ਘਰ ਜਿਸ ਵਿੱਚ 4 ਬੈਡਰੂਮ ਅਤੇ 5 ਵਾਸ਼ਰੂਮ ਹਨ ਅਤੇ 2 ਕਾਰ ਗਰਾਜ ਹਨ। ਫਿਨੀਸ਼ਡ ਬੇਸਮੈਂਟ ਹੈ ਅਤੇ ਇਨਗਰਾਉਂਡ ਸਵਿਮਿੰਗ ਪੂਲ ਵੀ ਹੈ। ਸਾਰੇ ਘਰ ਵਿੱਚ ਹਾਰਡਵੁਡ ਫਲੌਰ ਹੈ ਅਤੇ ਕਿਤੇ ਵੀ ਕਾਰਪਟ ਨਹੀਂ ਹੈ। ਹਾਈ ਐਂਡ ਕਿਚਨ ਕੈਬਨੇਟ ਅਤੇ ਗਰੇਨਾਈਟ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ। ਪੋਟ ਲਾਈਟਾਂ ਵੀ ਲਗੀਆਂ ਹਨ।

MISSISSAUGA
ਗਲੇਨ ਏਰੀਨ / ਡਨਵੀਨ ਡਰਾਈਵ
ਬਹੁਤ ਹੀ ਸ਼ਾਨਦਾਰ ਮੋਡਲ ਬੰਗਲਓ ਜਿਸ ਵਿੱਚ 3+1 ਬੈਡਰੂਮ ਅਤੇ ਫਿਨੀਸ਼ਡ ਵਾਕ ਆਉਟ ਬੇਸਮੈਂਟ ਹੈ ਜੋ ਕਿ ਵੱਡੇ ਬੈਕ ਯਾਰਡ ਨੂੰ ਜਾਂਦਾ ਹੈ ਜਿਸ ਵਿੱਚ ਵੂਡਨ ਡੈਕ ਅਤੇ ਸ਼ੇਡ ਹੈ। ਸਾਰਾ ਘਰ ਰੇਨੋਵੇਟ ਅਤੇ ਸਾਰੇ ਘਰ ਵਿੱਚ ਹਾਰਡਵੂਡ ਅਤੇ ਲੈਮੀਨੇਟ ਫਲੋਰ ਹੈ, ਮਾਸਟਰ ਬੈਡਰੂਮ ਸੇਮੀ ਈਨਸੂਟ ਹੈ, ਅਪਗ੍ਰੇਡੇਡ ਕਿਚਨ ਅਪਲਾਈਨਸੈਸ।

BRAMPTON
ਫਾਦਰ ਟੋਬੀਨ / ਬਰੈਮਲੀਅ ਰੋਡ
ਰੈਵੀਨ ਨੂੰ ਘਰ ਦਾ ਫਰੰਟ। ਬਹੁਤ ਹੀ ਸ਼ਾਨਦਾਰ 4+1 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ। ਪ੍ਰੋਫੈਸ਼ਨਲੀ ਫਿਨੀਸ਼ਡ ਬੇਸਮੈਂਟ। ਡਬਲ ਡੋਰ ਏਨਟਰੀ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਹਾਰਡਵੂਡ ਫਲੋਰ ਅਤੇ ਸਟੈਨਡ ਓਕ ਸਟੇਅਰਕੇਸ, ਮਾਸਟਰ ਬੈਡਰੂਮ 5 ਪੀਸ ਈਨਸੂਟ, ਹਾਈਲੀ ਅਪਗ੍ਰੇਡੇਡ ਕਿਚਨ ਅਤੇ ਗਰੇਨਾਈਟ ਕਾਊਟਰ ਟਾਪ ਅਤੇ ਸੈਂਟਰ ਆਈਲੈਂਡ।

BRAMPTON
ਬ੍ਰਿਸਡੈਲ / ਕ੍ਰੇਡੀਟਵਿਊ
SOLD $33000 OVER ASKING PRICE IN 2 DAYS

BRAMPTON
ਮੇਵੀਸ / ਸਟੀਲ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ , ਸਾਰੇ ਘਰ ਵਿੱਚ ਨਵਾਂ ਪੇਂਟ ਕੀਤਾ ਹੈ। ਬੇਸਮੈਂਟ ਬਣਨ ਵਾਲੀ ਹੈ। ਮੈਨ ਫਲੋਰ 9 ਫੁੱਟ ਸਿਲਿੰਗ। ਸਾਰੇ ਘਰ ਵਿੱਚ ਹਾਰਡਵੂਡ ਅਤੇ ਲੈਮੀਨੇਟ ਫਲੋਰ। ਮਾਸਟਰ ਬੈਡਰੂਮ 5 ਪੀਸ ਈਨਸੂਟ ਅਤੇ ਵਾਕ ਈਨ ਕਲੋਜ਼ਟ, ਨਵੀਂਆਂ ਅਪਲਾਈਨਸੈਸ। ਬਹੁਤ ਜਲਦੀ ਵਿਕਣ ਵਾਲਾ ਘਰ ਹੈ।

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

OURR HOME & APPLIANCES
UPTO 70% OFF WAREHOUSE SALE
416.551.3343 OPEN TO PUBLIC
www.ourrhomeappliances.com
Unbeatable Prices with Excellent Customer Service
SERVING ONTARIO FROM
TORONTO: 44 FASKEN DR, # 2 - 9 ETOBICOKE, ON M9W 5M8 (416)-792-0877, (416)-551-3343
STONEY CREEK: #6 – 410 LEWIS ROAD STONEY CREEK, ON L8E 5Y7 (905) 643-0818
LONDON: #4 -1540 FANSHAWE PARK RD. W. LONDON, ON N6H 5L8 (519)-641-1010
BRAMPTON: 1-241 CLARENCE ST. BRAMPTON, ON L6W 3E7 (416)-551-3343
AUTHORISED DEALER OF ALL NAME BRANDS
JENN-AIR Whirlpool MAYTAG Electrolux SAMSUNG LG KitchenAid FRIGIDAIRE GE
BRAND NEW & OPEN BOX APPLIANCES

REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com

Do you have the BEST type of Mortgage Insurance?

| | Mortgage Insurance from THE BANK | Life Insurance from an Insurance Company |
|---|---|---|
| Beneficiary | The Bank | Your Family ✓ |
| Payout | Decreasing | Fixed ✓ |
| Portable | NO | YES ✓ |
| Underwriting | Post Claim Underwriting | Time of Application ✓ |

Know the Difference
Be Informed.

ALL INSURABLE

| | | |
|---|---|---|
| Alcoholism | Cancer | Chronic Kidney Disease |
| COPD | Declined Life Insurance | Diabetes |
| Drug Addiction | DUI | Epilepsy |
| Hazardous Sports | Heart Attack | Hepatitis A,B,C |
| Mental Illness | Multiple Sclerosis | Parkinson's Disease |
| Stroke | TIA | Valid Work Permit |

Life Insurance Coverage up to $500,000
No Medical Test Needed

Pedro Nazare - pnazare51@hotmail.com - (647) 282-1364
Devinder Pal Singh - devgta@gmail.com - (647) 785-1575

Carte WEALTH MANAGEMENT INC.
KANG TAX & FINANCIAL SERVICES
- Personal and Corporate Tax Filings**
- RDSP, RESP, RRSP, TFSA Plans*
- Life, Critical, Disability, Visitor Insurance***

FREE Tax Filing For New Immigrants
416-271-4877
Sukhwinder Kang (M.Sc. CFP) Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
e-mail:sukhwinder.kang@cartewm.com
* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizon and Axxel Insurance.

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677